ਹਫ਼ਤਾਵਾਰੀ ਮੈਗਜ਼ੀਨ

# ਅਦਬੀ ਵਿਰਾਸਤ

## ਮੈਗਜ਼ੀਨ

ਅੰਕ 3



**ਚੇਅਰਮੈਨ**
ਸੁਖਪਾਲਵੀਰ ਸਿੰਘ ਕੈਲਗਿਰੀ

**ਪ੍ਰਬੰਧਕੀ ਸੰਪਾਦਕ**
ਅਮਰਜੀਤ ਦਸੂਹਾ

**ਮੁੱਖ ਸੰਪਾਦਕ**
ਭੂਪਿੰਦਰ ਸਿੰਘ ਰਾਜਾ

**ਇੰਚਾਰਜ਼**
ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ

ਸਾਹਿਤ, ਸਭਿਆਚਾਰ ਤੇ ਵਿਰਾਸਤ ਦੀ ਪੋਹੋਤ ਵਿੱਚ
ਵਿਚਾਰਾਂ ਦਾ ਸੁਮੇਲ

ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਕਸ਼




# ਅਦਬੀ ਵਿਰਾਸਤ

ਅੰਕ - 03

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।













ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ ,ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।

ਆਪ ਸਭ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ ।

ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲ਼ੀ ਪਾਉਂਦੇ ਰਹੋਗੇ।

ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ।

ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ।

ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ

**ਵੱਲੋਂ**

**ਅਦਬੀ ਵਿਰਾਸਤ ਮੈਗਜ਼ੀਨ ਦੀ ਸਮੁੱਚੀ ਟੀਮ**

ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਕਸ਼

# ਅਦਬੀ ਵਿਰਾਸਤ

ਅੰਕ - 03

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

## ਤੇਰਾ ਆਉਣਾ

ਤੂੰ ਆਉਂਦਾ ਸਾਹਾਂ ਵਿੱਚ ਰੰਗ ਭਰ ਜਾਂਦੇ ਨੇ,
ਸੁੰਨੇ ਖ਼ਿਆਲ ਵੀ ਫੁੱਲਾਂ ਵਾਂਗ ਖਿੜ ਜਾਂਦੇ ਨੇ,
ਚੁੱਪੀਆਂ ਦੇ ਘਰ ਵਿੱਚ ਸੁਰ ਜਾਗ ਪੈਂਦੇ ਨੇ,
ਤੇਰੇ ਕਦਮਾਂ ਨਾਲ ਰਸਤੇ ਵੀ ਹੱਸ ਜਾਂਦੇ ਨੇ,
ਨਹੀਂ ਤਾਂ ਇਹ ਵੱਸਦਾ ਘਰ ਵੀ ਸੁੰਨ ਸੁੰਨ ਲੱਗਦਾ ਏ,
ਹਰ ਕੋਨਾ ਖਾਮੋਸ਼ੀ ਨਾਲ ਗੱਲਾਂ ਕਰਦਾ ਏ,
ਨਾ ਕੋਈ ਹੱਸਣ ਵਾਲਾ, ਨਾ ਕੋਈ ਸੁਣਨ ਵਾਲਾ,
ਸਮਾਂ ਵੀ ਇੱਥੇ ਆ ਕੇ ਰੁਕ ਰੁਕ ਮਰਦਾ ਏ,
ਦਿਲ ਦੇ ਦਰਦ ਵੀ ਹੌਲੇ ਹੌਲੇ ਮੁੱਕ ਜਾਂਦੇ ਨੇ,
ਜਦ ਤੇਰੇ ਲਫ਼ਜ਼ ਮਲ੍ਹਮ ਬਣ ਛੂਹ ਜਾਂਦੇ ਨੇ,
ਰੂਹ ਨੂੰ ਤੇਰੀ ਹਾਜ਼ਰੀ ਸਹਾਰਾ ਦੇ ਜਾਂਦੀ ਏ,
ਟੁੱਟਦੇ ਜਜ਼ਬਾਤ ਵੀ ਫਿਰ ਜੁੜ ਜਾਂਦੇ ਨੇ,
ਇਸ ਲਈ ਆ ਜਾਇਆ ਕਰ ਬੇਵਜ੍ਹਾ ਵੀ ਕਦੇ,
ਤੇਰੀ ਆਹਟ ਨਾਲ ਚਾਨਣ ਹੋ ਜਾਂਦਾ ਏ,
ਤੂੰ ਹੋਵੇਂ ਨੇੜੇ ਤਾਂ ਹਰ ਗ਼ਮ ਹਾਰ ਜਾਂਦਾ ਏ,
ਤੇਰੇ ਨਾਲ ਹੀ ਇਹ ਦਿਲ ਖੁਸ਼ਹਾਲ ਹੋ ਜਾਂਦਾ ਏ,
"ਦੀਪ" ਆਵੇ ਬਸ ਇਹੀ ਦੁਆ ਰਹਿੰਦੀ ਏ,
ਤੇਰੇ ਬਿਨਾ ਇਹ ਜ਼ਿੰਦਗੀ ਅਧੂਰੀ ਲੱਗਦੀ ਏ,



ਲੇਖਕ
ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਮਾਨਸਿਕ ਸਿਹਤ ਸਲਾਹਕਾਰ
ਕੈਲੀਫੋਰਨੀਆ
+12792453149

## ਰੁੱਖਾਂ ਦੀਆਂ ਛਾਵਾਂ

ਜੇ ਨਾ ਰੁੱਕੀ ਕੁਹਾੜੀ ਸਾਡੀ,
ਹਾਲਤ ਹੋਜਾਊ ਮਾੜੀ ਸਾਡੀ,
ਵੱਢ- ਵੱਢ ਕੇ ਜੇ ਰੁੱਖ,
ਖ਼ਾਲੀ ਕਰੀ ਗਏ ਅਸੀਂ ਥਾਂਵਾਂ,
ਕਿਸੇ ਬਜ਼ਾਰੋ ਮੁੱਲ ਨਹੀਂ ਮਿਲਣੀਆਂ,
ਫਿਰ ਰੁੱਖਾਂ ਦੀਆਂ ਛਾਂਵਾਂ
ਆਉਦੇ ਜਾਂਦੇ ਸਾਹ ਸਾਡੇ,
ਦਾਤੇ ਆਪ ਇਨ੍ਹਾਂ ਨਾਲ ਜੋੜੇ,
ਕਿਥੋਂ ਜਿਉਂਦੇ ਰਹਿ ਜਾਵਾਂਗੇ,
ਜੇ ਰੁੱਖ ਰਹਿ ਗਏ ਥੋੜੇ,
ਸਿੱਖਰ ਦੁਪਿਹਰ ਸੜ ਜਾਵਾਂਗੇ,
ਜੇ ਖ਼ਾਲੀ ਹੋ ਗਈਆ ਰਾਂਵਾਂ,
ਕਿਸੇ ਬਜ਼ਾਰੋਂ ਮੁੱਲ ਨਹੀਂ ਮਿਲਣੀਆਂ,
ਫਿਰ ਰੁੱਖਾਂ ਦੀਆਂ ਛਾਂਵਾਂ,
ਜੰਮਣੇ ਤੋਂ ਲੈਕੇ ਮਰਨੇ ਤੱਕ,
ਸਾਡੀ ਜਰੂਰਤ ਕਰਦੇ ਪੂਰੀ,
ਕਿਸੇ ਚੀਜ਼ ਦਾ ਧੇਲਾ ਵੀ ਮੰਗਣਾ,
ਸਮਝਦੇ ਨਹੀਂ ਇਹ ਜਰੂਰੀ,
ਅਸੀਂ ਵੱਢਦੇ ਹਾ ਜੜਾਂ ਇਨ੍ਹਾਂ ਦੀਆਂ,
ਇਹ ਫਿਰ ਵੀ ਦੇਣ ਦੁਆਵਾਂ,
ਕਿਸੇ ਬਜ਼ਾਰੋਂ ਮੁੱਲ ਨਹੀਂ ਮਿਲਣੀਆਂ,
ਫਿਰ ਰੁੱਖਾਂ ਦੀਆਂ ਛਾਂਵਾਂ
ਨਾ ਹੀ ਇਹ ਚੱਲਦੇ ਫਿਰਦੇ,
ਨਾ ਹੀ ਇਹ ਕੁੱਝ ਕਹਿੰਦੇ
ਪੰਛੀ ਬਣਾ ਕੇ ਆਲ੍ਹਣੇ,
ਵਿੱਚ ਗੋਦ ਇਨ੍ਹਾਂ ਦੀ ਰਹਿੰਦੇ,
ਅਸੀਂ ਵਸਿਆ ਸਭ ਕੁੱਝ ਉਜਾੜਦੇ,
ਇਕ ਬਣਾਉਣ ਲਈ ਆਪਣਾ ਸਿਰਨਾਵਾਂ,
ਕਿਸੇ ਬਜ਼ਾਰੋਂ ਮੁੱਲ ਨਹੀਂ ਮਿਲਣੀਆਂ,
ਫਿਰ ਰੁੱਖਾਂ ਦੀਆਂ ਛਾਂਵਾਂ,
ਮੈ ਮੇਰੀ ਨੂੰ ਛੱਡਕੇ ਬੰਦਿਆ,
ਤੂੰ ਕਰ ਕੁਦਰਤ ਨ ਪਿਆਰ,
ਰੁੱਖਾਂ ਵਿੱਚ ਵੀ ਰੱਬ ਵਸਦਾ ਏ,
ਤੂੰ ਬਣ ਜਾ ਇਨ੍ਹਾਂ ਦਾ ਯਾਰ,
ਉੱਠ "ਰਜਿੰਦਰਾ" ਤੂੰ ਵੀ ਰੁੱਖ ਲਾਦੇ,
ਇਕੱਲੀਆਂ ਲਿਖੀ ਨਾ ਜਾ ਕਵਿਤਾਵਾਂ,
ਕਿਸੇ ਬਜ਼ਾਰੋਂ ਮੁੱਲ ਨਹੀਂ ਮਿਲਣੀਆਂ,
ਫਿਰ ਰੁੱਖਾਂ ਦੀਆਂ ਛਾਂਵਾਂ,



ਲੇਖਕ
ਰਾਜਿੰਦਰ ਪੰਨਵਾਂ
ਜ਼ਿਲ੍ਹਾ ਹੁਸ਼ਿਆਰਪੁਰ
7889293955

## ਨਜ਼ਮ

ਕਿਸੇ ਨੂੰ ਚਾਹੁੰਣਾ ਪਾਪ ਤਾਂ ਨਹੀਂ ਨਾ,
ਕਿੰਨਾਂ ਹੈ ਚਾਹਿਆ ਹਿਸਾਬ ਤਾਂ ਨਹੀਂ ਨਾ,
ਹੰਝੂ ਟਿਪ ਟਿਪ ਚੌਂਦੇ ਰਹਿ ਗਏ,
ਕੀਤੇ ਪੂੰਝ ਕੇ ਤੂੰ ਸਾਫ ਤਾਂ ਨਹੀਂ ਨਾ,
ਮੰਨ ਲਿਆ ਮੈਂ ਦੋਸ਼ੀ ਹਾਂ ਸਾਂ,
ਹਾਲੇ ਤੂੰ ਕੀਤਾ ਮਾਫ਼ ਤਾਂ ਨਹੀਂ ਨਾ,
ਭੁੱਲ ਜਾਂਵਾ ਇਹ ਹੋ ਨਹੀਂ ਸਕਦਾ,
ਕੀ ਤੂੰ ਕੀਤਾ ਯਾਦ ਤਾਂ ਨਹੀਂ ਨਾ,
ਵੇਖ ਲੈ "ਡਿੱਬੂ" ਕਿੰਝ ਉਜੜ ਗਿਆ ਏ
ਕੀਤਾ ਤੂੰ ਅਬਾਦ ਤਾਂ ਨਹੀਂ ਨਾ,
ਕਿਸੇ ਨੂੰ ਚਾਹੁਣਾ ਪਾਪ ਤਾਂ ਨਹੀਂ ਨਾ,
ਕਿੰਨਾਂ ਹੈ ਚਾਹਿਆ ਹਿਸਾਬ ਤਾਂ ਨਹੀਂ ਨਾ,



ਲੇਖਕ
ਜੋਗਾ ਸਿੰਘ ਡਿੱਬੂ
ਹੁਸ਼ਿਆਰਪੁਰ
7888909826

## ਮਹਾਨ ਵਿਚਾਰ

ਅਸੀ ਘਟਨਾਵਾਂ ਵਾਪਰਨ ਤੋਂ ਨਹੀਂ ਰੋਕ ਸਕਦੇ ਪਰ ਸਾਨੂੰ ਉਹਨਾਂ ਘਟਨਾਵਾਂ ਪ੍ਰਤੀ ਆਪਣੇ ਪ੍ਰਤੀਕਰਮ ਲੈਣੇ ਚਾਹੀਦੇ ਹਨ।
ਵਕਤ ਅਤੇ ਸਮੁੰਦਰੀ ਲਹਿਰਾਂ ਕਿਸੇ ਵਿਅਕਤੀ ਦੀ ਉਡੀਕ ਨਹੀਂ ਕਰਦੇ।
ਜਿਹੜੇ ਵਿਅਕਤੀ ਇਤਿਹਾਸ ਬਣਾਉਂਦੇ ਹਨ ਉਹਨਾਂ ਕੋਲ ਇਤਿਹਾਸ ਲਿਖਣ ਦਾ ਵਕਤ ਨਹੀਂ ਹੁੰਦਾ।-
ਜਦੋਂ ਤੱਕ ਮਨੁੱਖ ਆਪਣੇ ਪੈਰਾਂ ਤੇ ਖੜਾ ਨਹੀਂ ਹੁੰਦਾ ਉਦੋਂ ਤੱਕ ਉਸ ਨੂੰ ਹਰ ਚੀਜ਼ ਆਪਣੇ ਲਈ ਅੜਿੱਕਾ ਲੱਗਦੀ ਹੈ।
ਵੱਡੀਆਂ ਪ੍ਰਾਪਤੀਆਂ ਉਦੋਂ ਤੱਕ ਜਿੰਦਾਂ ਰਹਿਣਗੀਆਂ ਜਦੋਂ ਤੱਕ ਕੀ ਸੂਰਜ ਠੰਡਾ ਨਹੀਂ ਹੋ ਜਾਂਦਾ
ਇਨਸਾਨ ਦੀ ਅਸਲੀ ਦੌਲਤ ਉਸਦੇ ਚੰਗੇ ਦੋਸਤ ਹਨ ।
ਇਜੱਤਦਾਰ ਲੋਕ ਆਪਣੇ ਬੁਰੇ ਦਿਨਾਂ ਨੂੰ ਹਮੇਸ਼ਾ ਯਾਦ ਰੱਖਦੇ ਹਨ।
ਅੱਜ ਦੇ ਜਮਾਨੇ ਵਿੱਚ ਤਰੱਕੀ ਲਈ ਦੋ ਹੱਥ ਨਹੀਂ ਮੱਕੜੀ ਦੀ ਤਰ੍ਹਾਂ ਬਹੁਤ ਸਾਰੇ ਹੱਥਾਂ ਦੀ ਲੋੜ ਹੈ।
ਆਪਣੇ ਆਪ ਅਤੇ ਆਪਣੇ ਘਰ ਵਾਲਿਆਂ ਨੂੰ ਨਰਕ ਦੀ ਅਗਨੀ ਤੋਂ ਬਚਾਵੋ।
ਜਿਹੜੇ ਆਦਮੀਆਂ ਕੋਲ ਕੁਝ ਨਹੀਂ ਹੁੰਦਾ ਉਹ ਜਿਆਦਾ ਬੋਲਦੇ ਹਨ।
ਰਾਜਸੀ ਨੇਤਾ ਹਮੇਸ਼ਾ ਅਗਲੀ ਚੋਣ ਬਾਰੇ ਸੋਚਦਾ ਹੈ ਜਦੋਂ ਕਿ ਬੁੱਧੀਜੀਵੀ ਅਗਲੀ ਪੀੜ੍ਹੀ ਸੋਚਦੇ ਹਨ,
ਕਿਤਾਬਾਂ ਸਭ ਤੋ ਅਨਮੋਲ ਖਜ਼ਾਨਾ ਹੁੰਦੀਆਂ ਹਨ।,
ਅੱਧੀ ਦੁਨੀਆਂ ਇਹ ਨਹੀਂ ਜਾਣਦੀ ਕਿ ਬਾਕੀ ਦੀ ਅੱਧੀ ਦੁਨੀਆਂ ਕਿਸ ਤਰ੍ਹਾਂ ਰਹਿ ਰਹੀ ਹੈ,
ਕੁੱਝ ਕਰਨ ਦੀ ਕਲਾ ਕੁੱਝ ਕੀਤਿਆਂ ਹੀ ਆਉਂਦੀ ਹੈ,
ਈਸ਼ਵਰ ਉਸੇ ਨੂੰ ਅਪਣਾਉਂਦਾ ਹੈ ਜਿਸ ਨੇਂ ਹੰਕਾਰ ਤੇ ਸਵਾਰਥ ਤਿਆਗ ਦਿੱਤਾ ਹੋਵੇ,
ਸਫਲਤਾ ਦੀ ਚੋਟੀ ਤੇ ਪਹੁੰਚਣ ਲਈ ਜੋਖਮ ਉਠਾਉਣਾ ਹੀ ਪੈਂਦਾ ਹੈ,
ਸਿਰਫ਼ ਸੋਚਣ ਨਾਲ ਹੀ ਕੁੱਝ ਨਹੀਂ ਹੁੰਦਾ ਉਸ ਨੂੰ ਅਮਲ ਚ ਲਿਆਉਣਾ ਵੀ ਜ਼ਰੂਰੀ ਹੈ,
ਸਮੇਂ ਨੂੰ ਬਰਬਾਦ ਕਰਨਾ ਆਪਣੇ ਜੀਵਨ ਨੂੰ ਬਰਬਾਦ ਕਰਨ ਵਾਂਗ ਹੈ,
ਤਰੱਕੀ ਲਈ ਸੋਚ ਤੇ ਤਬਦੀਲੀ ਲਿਆਉਣੀ ਜ਼ਰੂਰੀ ਹੈ!



ਲੇਖਕ
ਤਾਰਾ ਰਣੀਆਂ , ਜ਼ਿਲ੍ਹਾ - ਮੋਗਾ
79864-53107

## ਅੱਲਾ ਅੱਲਾ, ਰਾਧੇ ਰਾਧੇ

ਤੁਸੀਂ ਅਲੀ ਅਲੀ ਕਰਦੇ ਜਾਓ, ਅਸੀਂ ਵੀ ਰਾਧੇ ਰਾਧੇ ਕਰਦੇ ਜਾਵਾਂਗੇ,
ਇਹ ਮੰਦਰ, ਇਹ ਮਸਜਿਦ, ਇਹ ਗੁਰਦੁਆਰੇ
ਭਾਵੇਂ ਆਪਸ 'ਚ ਮਿਲਣ ਚਾਹੇ ਨਾ ਮਿਲਣ,
ਪਰ ਅਸੀਂ ਪਿਆਰ ਅਤੇ ਮੁਹੱਬਤ ਦੇ ਫੁੱਲ ਬੀਜਦੇ ਜਾਵਾਂਗੇ।
ਤੁਸੀਂ ਅਲੀ ਅਲੀ ਕਰਦੇ ਜਾਓ, ਅਸੀਂ ਵੀ ਰਾਧੇ ਰਾਧੇ ਕਰਦੇ ਜਾਵਾਂਗੇ,
ਦਿਲਾਂ ਦੇ ਸੁੰਨੇ ਵਿਹੜਿਆਂ ਵਿੱਚ ਇਸ਼ਕ ਦੀ ਜੋਤ ਜਗਾਉਂਦੇ ਜਾਵਾਂਗੇ।
ਨਫ਼ਰਤ ਦੇ ਕਾਲੇ ਬੱਦਲ ਭਾਵੇਂ ਅਸਮਾਨ ਉੱਤੇ ਛਾ ਜਾਣ,
ਅਸੀਂ ਉਮੀਦਾਂ ਦੇ ਸੂਰਜ ਨੂੰ ਹਰ ਦਿਨ ਚੜ੍ਹਾਉਂਦੇ ਜਾਵਾਂਗੇ।
ਕੋਈ ਰਾਮ ਨੂੰ ਪੁਕਾਰੇ, ਕੋਈ ਰਹਿਮਾਨ ਦਾ ਨਾਮ ਲਏ,
ਕੋਈ ਵਾਹਿਗੁਰੂ ਆਖੇ, ਕੋਈ ਈਸਾ ਨੂੰ ਸਿਰ ਨਿਵਾਏ,
ਸਾਰੇ ਰਾਹ ਭਾਵੇਂ ਵੱਖਰੇ ਹੋਣ, ਮੰਜ਼ਿਲ ਤਾਂ ਇੱਕੋ ਹੀ ਹੈ,
ਅਸੀਂ ਇਸ ਸੱਚ ਦਾ ਦੀਵਾ ਹਰ ਦਿਲ ਵਿੱਚ ਜਗਾਉਂਦੇ ਜਾਵਾਂਗੇ।
ਨਾ ਮੰਦਰ ਦੀਆਂ ਕੰਧਾਂ ਉੱਚੀਆਂ, ਨਾ ਮਸਜਿਦ ਦੇ ਮੀਨਾਰ ਵੱਡੇ,
ਇਨਸਾਨੀਅਤ ਤੋਂ ਵੱਡਾ ਕੋਈ ਧਰਮ ਨਹੀਂ ਹੁੰਦਾ,
ਇਸ ਗੱਲ ਨੂੰ ਅਸੀਂ ਆਪਣੇ ਕਰਮਾਂ ਨਾਲ ਸਮਝਾਉਂਦੇ ਜਾਵਾਂਗੇ।
ਜਦੋਂ ਵੀ ਕੋਈ ਦਿਲ ਟੁੱਟੇਗਾ, ਅਸੀਂ ਮਲ੍ਹਮ ਬਣ ਕੇ ਆਵਾਂਗੇ,
ਜਦੋਂ ਵੀ ਕੋਈ ਅੱਖ ਰੋਵੇਗੀ, ਅਸੀਂ ਹਾਸੇ ਬਣ ਮੁਸਕਰਾਵਾਂਗੇ,
ਦੁਨੀਆ ਭਾਵੇਂ ਵੰਡਣ ਦੀਆਂ ਗੱਲਾਂ ਕਰਦੀ ਰਹੇ,
ਅਸੀਂ ਮਿਲਾਪ ਦੇ ਗੀਤ ਗਾਉਂਦੇ ਜਾਵਾਂਗੇ।
ਤੁਸੀਂ ਅਲੀ ਅਲੀ ਕਰਦੇ ਜਾਓ, ਅਸੀਂ ਵੀ ਰਾਧੇ ਰਾਧੇ ਕਰਦੇ ਜਾਵਾਂਗੇ,
ਪ੍ਰੇਮ ਦੀ ਗੰਗਾ ਵਗਦੀ ਰਹੇ, ਇਹ ਅਰਦਾਸ ਕਰਦੇ ਜਾਵਾਂਗੇ।
ਜਦ ਤੱਕ ਸਾਹਾਂ ਦੀ ਸਰਗਮ ਵੱਜਦੀ ਰਹੇਗੀ ਇਸ ਜੀਵਨ ਵਿੱਚ,
ਅਸੀਂ ਮਨੁੱਖਤਾ ਦੇ ਫੁੱਲਾਂ ਨਾਲ ਧਰਤੀ ਨੂੰ ਮਹਿਕਾਉਂਦੇ ਜਾਵਾਂਗੇ।
ਤੁਸੀਂ ਅਲੀ ਅਲੀ ਕਰਦੇ ਜਾਓ, ਅਸੀਂ ਵੀ ਰਾਧੇ ਰਾਧੇ ਕਰਦੇ ਜਾਵਾਂਗੇ,
ਧਰਮਾਂ ਤੋਂ ਉੱਪਰ ਉੱਠ ਕੇ ਅਸੀਂ ਇਨਸਾਨੀਅਤ ਦਾ ਗੀਤ ਗਾਉਂਦੇ ਜਾਵਾਂਗੇ।



ਲੇਖਕ
ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਮਾਨਸਿਕ ਸਿਹਤ ਮਾਹਿਰ
ਕੈਲੀਫੋਰਨੀਆ
+12792453149

## ਅਦਬੀ ਵਿਰਾਸਤ

ਅਦਬੀ ਵਿਰਾਸਤ ਸਾਂਭੀ ਜਾ ਰਹੀ ਹੈ,
ਪੰਜਾਬੀ ਮਾਂ ਬੋਲੀ ਖੁਸ਼ ਨਜ਼ਰ ਆ ਰਹੀ ਹੈ,
ਲਾਲ ਸਿੰਘ ਦਸੂਹਾ ਜੀ ਦੇ ਨਾਮ ਦੇ ਉੱਤੇ,
ਇੱਕ ਸ਼ਾਨਦਾਰ ਪੀੜ੍ਹੀ ਪਰਤ ਪਾ ਰਹੀ ਹੈ,
ਇਲਾਕੇ ਨੂੰ ਮਾਣ ਹੈ ਚਰਨ ਸਿੰਘ ਸਫ਼ਰੀ ਉੱਤੇ,
ਉਹਨਾਂ ਦੀ ਰੂਹ ਵੀ ਕਹਿ ਸੁਣਾ ਰਹੀ ਹੈ,
ਡਾਕਟਰ ਮਹਿੰਦਰ ਸਿੰਘ ਰੰਧਾਵਾ ਦੀ ਵਸੀਅਤ,
ਇਲਾਕੇ ਨਿਵਾਸੀਆਂ ਨੂੰ ਬੁਲਾ ਰਹੀ ਹੈ,
ਕਵਿਤਾਵਾਂ ਗੀਤ ਕਹਾਣੀਆਂ ਕਿੱਸੇ ਅਤੇ ਗ਼ਜ਼ਲਾਂ,
"ਅਦਬੀ ਵਿਰਾਸਤ" ਦੀ ਵਿਰਾਸਤ ਸਜਾ ਰਹੀ ਹੈ,
ਆਓ ਜੁੜੋ ਡਾਕਟਰ ਅਮਰਜੀਤ ਜੀ ਦੇ ਕਾਫ਼ਲੇ ਨਾਲ,
ਬੋਦਲਾਂ ਦੇ ਸੁੱਖਵਿੰਦਰ ਦੀ ਕਲਮ ਗਾ ਰਹੀ ਹੈ,




ਲੇਖਕ
ਸੁੱਖਵਿੰਦਰ ਬੋਦਲਾਂਵਾਲਾ
ਵਾਸ਼ਿੰਗਟਨ ਅਮਰੀਕਾ
(360) 281 - 2624

## ਮੇਹਰਬਾਨੀਆਂ

ਫੱਟ ਲਾ ਪੁੱਛੇਂ ਕਿਹਨੇ ਜ਼ਖ਼ਮ ਦਿੱਤੇ
ਰਾਸ ਆਉਣ ਨਾ ਇਹ ਨਦਾਨੀਆਂ ਵੇ,
ਖੂਨ ਨਿਚੋੜ ਮੈਨੂੰ ਬੱਗੀ ਪੂਣੀ ਕੀਤਾ
ਸਭ ਤੇਰੀਆਂ ਹੀ ਇਹ ਮਿਹਰਬਾਨੀਆਂ ਵੇ।
ਦਿਲ ਤੋੜ ਸਾਡਾ ਖੁੱਦ ਮਾਣ ਮੌਜਾਂ
ਮਾਰੇਂ ਸਿੰਨ ਸਿੰਨ ਸੀਨੇ ਸਾਡੇ ਕਾਨੀਆਂ ਵੇ,
ਵਾਅਦੇ ਤੋੜ ਸਾਡੇ ਨਾਲ ਕੀਤੇ ਸਾਰੇ
ਕਰ ਗਿਆ ਤੂੰ ਕਾਤੋਂ ਮਨਮਾਨੀਆਂ ਵੇ ।
ਪਰਾਏ ਸ਼ਹਿਰ ਤੇਨੂੰ ਹੁਣ ਪਿਆਰੇ ਹੋ ਗਏ
ਸਾਡੇ ਪਿੰਡ ਵੱਲ ਕਰੇਂ ਬੇਧਿਆਨੀਆਂ ਵੇ,
ਸਾਡੀ ਨਿੰਮ ਥੱਲੇ ਤੇਨੂੰ ਹੁਣ ਸੇਕ ਆਵੇ ,
ਠਾਰ ਦੇਣ ਤੇਨੂੰ ਕਿੱਕਰਾਂ ਬਿਗਾਨੀਆਂ ਵੇ।
ਸਾਥੋਂ ਕਸਮਾਂ ਪਵਾ ਕੇ ਈਮਾਨ ਦੀਆਂ
ਖੁੱਦ ਕਰ ਗਿਆ ਤੂੰ ਬੇਈਮਾਨੀਆਂ ਵੇ,
ਤੇਨੂੰ ਸਮਝਿਆ ਅਸੀ ਸੀ ਰੱਬ ਵਰਗਾ
ਕਰ ਕੋਝੀਆਂ ਤੂੰ ਗਿਆ ਸ਼ੈਤਾਨੀਆਂ ਵੇ ।
'ਸੁਖਵਿੰਦਰ' ਕਰ ਕਤਲ ਸਾਡੇ ਚਾਵਾਂ ਦਾ
ਅਪਰਾਧੀ ਬਣ ਗਿਆ ਤੂੰ ਐਲਾਨੀਆਂ ਵੇ ,
ਦਿਲ ਮੋੜ ਦੇ ਮੇਰਾ ਤੂੰ ਮੈਨੂੰ ਵਾਪਿਸ
ਲੈਜਾ ਤੂੰ ਵੀ ਦਿੱਤੇ ਛੱਲੇ ਗਾਨੀਆਂ ਵੇ ।



ਲੇਖਕ
ਸੁਖਵਿੰਦਰ ਜਲਾਲਪੁਰੀ
ਮੋਬਾਇਲ
9906381482

## ਵਿਸਮਾਦ ਕੁਦਰਤ

ਸਵੇਰ ਦੀ ਠੰਡੀ ਪੌਣ ਵਿਚ
ਉਸ ਮਾਲਿਕ ਦੀ ਕ੍ਰਿਤ ਚੋਂ ਉਪਜੇ
ਰੰਗਾਂ ਨੂੰ ਮੈਂ ਵੇਖ ਰਿਹਾ
ਕਿਤੇ -ਕਿਤੇ ਪਹਾੜਾਂ ਦੀਆਂ ਟੀਸੀਆਂ ਦੇ ਉੱਤੇ
ਉੱਡ -ਉੱਡ ਆ ਰਹਿਆਂ ਕੂੰਜਾਂ ਦੇ, ਅਜਬ
ਸੰਗਾਂ ਨੂੰ ਹਾਂ ਵੇਖ ਰਿਹਾ
ਮੈਂ ਵੇਖ ਰਿਹਾ ਏਸ ਥਲ ਮੰਡਲ ਕਿ
ਜਿਸਦੀ ਘੁੰਮਣਘੇਰੀ ਚੋਂ, ਰੁੱਤਾਂ
ਦਿਨ ਅਤੇ ਰਾਤ ਬਣਾਉਂਦੀਆਂ ਹਨ
ਮੈਂ ਵੇਖ ਰਿਹਾ ਖਿਲੇ ਹੋਏ ਗੁਲਸ਼ਨ ਅੰਦਰ
ਉਤਰੀਉ ਪਾਕ- ਬਾਹਾਰ ਕਿ ਜਿਸਨੂੰ
ਬਾਰਿਸ਼ ਦੀਆਂ ਬੂੰਦਾਂ ,ਧੋਂਦੀਆਂ ਹਨ
ਚੌਹ ਦਿਸ਼ਾਈ ਫੈਲਿਓ ਸੁਹੱਪਣ ਚੋਂ
ਐ ਮਾਲਕ ਤੇਰੀ ਇਕਮਿਕਤਾ ਦੇ, ਅਜ਼ਬ
ਸੰਗਾਂ ਨੂੰ ਹਾਂ ਵੇਖ ਰਿਹਾ
ਸਵੇਰ ਦੀ ਠੰਡੀ ਪੌਣ ਵਿਚ
ਓਸ ਮਾਲਕ ਦੀ ਕ੍ਰਿਤ ਚੋਂ ਉਪਜੇ
ਰੰਗਾਂ ਨੂੰ ਮੈਂ ਵੇਖ ਰਿਹਾ ........
ਕਦੇ ਕਦੇ ਮੈਂ ਸੁਣਦਾਂ ਹਾਂ, ਓਸ
ਅਨਹਦ- ਨਾਦ ਦੀ ਗਾਥਾ,ਜੋ
ਬ੍ਰਹਿਮੰਡ, ਵਿਚ ਹੈ ਗੂੰਜ ਰਹੀ
ਮੈਂ ਮਹਿਸੂਸ ਕਰ ਰਿਹਾ ਹਾਂ ਆਦਮ ਦੀ ਨਸਲ
ਜਦੋਂ ਅਨੰਤ ਜਨਮਾਂ ਤੋਂ ਕਰਮਾਂ ਦਾ ਫਲ
ਸਮੇਂ ਦੀ ਛਾਂਖ ਤੋਂ ਹੂੰਝ ਰਹੀ
ਇੰਨੀਂ ਜਨਮ ਅਤੇ ਮੌਤ ਦੀਆਂ ਵਿੱਥਾਂ ਤੋਂ
ਕਿਤੇ ਵਿਸ਼ਾਲ, ਐ ਮਾਲਿਕ ਮੈਂ ਤੇਰੇ
ਔਰੰਗਾ( ਤਖ਼ਤ) ਨੂੰ ਹਾਂ ਵੇਖ ਰਿਹਾ
ਸਵੇਰ ਦੀ ਠੰਡੀ ਪੌਣ ਵਿਚ
ਓਸ ਮਾਲਕ ਦੀ ਕ੍ਰਿਤ ਚੋਂ ਉਪਜੇ
ਰੰਗਾਂ ਨੂੰ ਹਾਂ ਵੇਖ ਰਿਹਾ।



ਲੇਖਕ - ਗੁਰਪ੍ਰੀਤ ਸਫ਼ਰੀ
ਦਸੂਹਾ , ਜ਼ਿਲ੍ਹਾ ਹੁਸ਼ਿਆਰਪੁਰ
99882-05531

## ਰਿਸ਼ਤਿਆਂ ਦੇ ਰੰਗ

ਰੋਜ਼ ਨਵਾਂ ਰੰਗ ਦਿਖਾਵੇ,
ਹਰ ਰਿਸ਼ਤਾ ਨਿੱਤ ਸਬਕ ਸਿਖਾਵੇ।
ਜਿਨ੍ਹਾਂ ਆਸਰੇ ਉੱਡਦੇ ਫਿਰਦੇ,
ਵਕਤ ਤੇ ਓਹੀ ਕੰਮ ਨਾ ਆਵੇ।
ਦੁੱਖਾਂ ਦੇ ਅੰਬਾਰ ਤੋਂ ਅੱਕ ਕੇ,
ਸਤਿਗੁਰਾਂ ਦੇ ਲੜ ਲੱਗ ਜਾਵੇ।
ਜਿੰਦੜੀਏ ਨੀ ਸਭ ਲੇਖੇ ਤੇਰੇ,
ਇਸੇ ਜਨਮ ਪੂਰੇ ਕਰਵਾਵੇ।
ਈਰਖਾ, ਵੈਰ-ਵਿਰੋਧ ਤੇ ਧੋਖਾ,
ਦੱਸ ਬੰਦਿਆ ਤੂੰ ਕਾਹਤੋਂ ਕਮਾਵੇਂ।
ਤੇਰੇ ਕਰਮਾਂ ਕੀਤੇ ਧੋਖੇ,
ਇੱਥੇ ਹੀ ਤੂੰ ਭੁਗਤ ਕੇ ਜਾਵੇਂ।
ਸਾਫ਼ ਸੁਥਰੇ ਬੋਲ ਬਚਨ,
ਕਿਊ ਨਾ ਤੂੰ ਬਾਣੀ ਨਿੱਤ ਗਾਵੇਂ,
ਕਿਓ ਨਾ ਤੂੰ ਬਾਣੀ ਨਿੱਤ ਗਾਵੇਂ।



ਲੇਖਿਕਾ
ਮੰਨਤ ਲਵਲੀ
ਅੰਮ੍ਰਿਤਸਰ
8360320385

ਅੰਕ 03

# ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

## ਲੋਭੀ ਸ਼ਾਹੂਕਾਰ

ਖ਼ੁਦੀ ਵਿੱਚ ਬੰਦਾ ਇਨਸਾਨ ਨਹੀਂ ਰਹਿੰਦਾ
ਭੁੱਲੇ ਹੋਏ ਨੂੰ ਯਾਦ ਭਗਵਾਨ ਨਹੀਂ ਰਹਿੰਦਾ
ਹੋਵੇ ਹੰਕਾਰ ਵਾਲੇ ਹਾਥੀ ਤੇ ਸਵਾਰ ਤਾਂ
ਧਰਤ ਦੀ ਕੀੜੀ ਦਾ ਗਿਆਨ ਨਹੀਂ ਰਹਿੰਦਾ
ਪੁੱਤ ਆਪਣੇ ਦਾ ਮੁੱਲ ਕੁੜਮਾਂ ਤੋਂ ਮੰਗਦਾ
ਲੋਭੀ ਸ਼ਾਹੂਕਾਰ ਮੰਗਣੋ ਨਹੀਂ ਸੰਗਦਾ
ਨੂੰਹਾਂ ਨੂੰ ਤਾਂ ਤਾਹਨੇ ਦੇਣ
ਦਾਜ ਚ ਕੀ ਲਿਆਈਆਂ ਤੁਸੀਂ
ਪਰ ਆਪਣੀ ਧੀ ਦਾ ਖਿਆਲ ਨਹੀਂ ਰਹਿੰਦਾ
ਖ਼ੁਦੀ ਵਿੱਚ ਬੰਦਾ ਇਨਸਾਨ ਨਹੀਂ ਰਹਿੰਦਾ
ਭੁੱਲੇ ਹੋਏ ਨੂੰ ਯਾਦ ਭਗਵਾਨ ਨਹੀਂ ਰਹਿੰਦਾ
ਹੋਵੇ ਹੰਕਾਰ ਵਾਲੇ ਹਾਥੀ ਤੇ ਸਵਾਰ ਤਾਂ
ਫਿਰ ਧਰਤ ਦੀ ਕੀੜੀ ਦਾ ਗਿਆਨ ਨਹੀਂ ਰਹਿੰਦਾ



ਲੇਖਿਕਾ
ਦੀਕਸ਼ਾ ਮਹਾਜਨ
ਜ਼ਿਲ੍ਹਾ ਹੁਸ਼ਿਆਰਪੁਰ

## ਮਿੱਟੀ


ਹਰ ਮਿੱਟੀ ਦੀ ਹੈ ਆਪਣੀ ਖ਼ਸਲਤ,
ਇਸ ਦਾ ਮਸਲਾ ਅਸਮਾਨ ਨਹੀਂ ਹੈ,
ਮਿੱਟੀ ਜੜ੍ਹਾਂ ਨੂੰ ਹੈ ਸਿੰਜਣ ਹਾਰੀ ,
ਮਿੱਟੀ ਸੁੰਨ ਕਬਰਿਸਤਾਨ ਨਹੀਂ ਹੈ,
ਮਿੱਟੀ ਮੁੜਕਿਆਂ ਦੀ ਪਾਲਣ ਹਾਰੀ,
ਝੱਖੜਾਂ ਵਾਗੂੰ ਬਦਨਾਮ ਨਹੀਂ ਹੈ,
ਮਿੱਟੀ ਕੁੱਖੋ ਜੰਮ ਯੋਧੇ ਹਾਰੇ ,
ਧੋਖੇਬਾਜ਼ ਦੀ ਪਹਿਚਾਣ ਨਹੀਂ ਹੈ,
ਮਿੱਟੀ ਦੀ ਬੱਕਲ 'ਚ ਬੁੱਲਾ ਰੁਲ਼ਿਆ ,
ਕੁਫਰੀ ਰੀਤਾਂ ਦੀ ਮਕਾਣ ਨਹੀਂ ਹੈ,
"ਅਮਰ" ਧੂੜ ਬਣ ਕੇ ਅੰਬਰੀਂ ਉੱਡਿਆ,
ਪੱਥਰੀ ਉਕਰਿਆਂ ਨਿਸ਼ਾਨ ਨਹੀਂ ਹੈ,



ਲੇਖਕ
ਅਮਰਜੀਤ ਦਸੂਹਾ
ਜ਼ਿਲ੍ਹਾ ਹੁਸ਼ਿਆਰਪੁਰ
8968933711

## ਮੇਰੇ ਖਿਆਲਾਂ ਦੇ ਪੰਛੀ

ਮੇਰੀਆਂ ਕਵਿਤਾਵਾਂ, ਮੇਰੀਆਂ ਨਜ਼ਮਾਂ
ਸਿਰਫ਼ ਲਫ਼ਜ਼ ਨਹੀਂ ਹੁੰਦੀਆਂ,
ਇਹ ਉਹ ਖਿਆਲ ਨੇ–
ਜੋ ਦਿਲ ਦੀਆਂ ਗਹਿਰਾਈਆਂ ਵਿੱਚੋਂ ਉੱਠਦੇ ਨੇ।
ਕਈ ਵਾਰ ਮੈਂ ਸੋਚਦਾ ਹਾਂ,
ਜੇ ਇਹਨਾਂ ਨੂੰ ਖਿਆਲ ਵੀ ਕਹਾਂ,
ਤਾਂ ਇਹ ਉਹ ਖਿਆਲ ਨੇ
ਜਿਨ੍ਹਾਂ ਨੂੰ ਮੈਂ ਪੰਛੀ ਬਣਾ ਲੈਂਦਾ ਹਾਂ।
ਹੌਲੇ ਹੌਲੇ,
ਮੈਂ ਇਹਨਾਂ ਨੂੰ ਹਵਾ ਦੇ ਹਵਾਲੇ ਕਰ ਦਿੰਦਾ ਹਾਂ,
ਤਾਂ ਜੋ ਇਹ ਉੱਡ ਜਾਣ–
ਉਥੇ ਜਿੱਥੇ ਮੇਰੇ ਹਾਣੀ ਵੱਸਦੇ ਨੇ।
ਦੂਰ ਦੁਰਾਡੇ ਪਿੰਡਾਂ ਵਿੱਚ,
ਕਿਸੇ ਚੁੱਪ ਗਲੀ ਵਿੱਚ,
ਕਿਸੇ ਯਾਦਾਂ ਭਰੇ ਦਰ 'ਤੇ–
ਮੇਰੇ ਸ਼ਬਦ ਜਾ ਕੇ ਦਸਤਕ ਦੇਣ।
ਅਤੇ ਕਹਿਣ–
ਕਿ ਉਹਨਾਂ ਦਾ ਯਾਰ ਅਜੇ ਵੀ ਉੱਥੇ ਹੀ ਹੈ,
ਨਾ ਭੁਲਿਆ, ਨਾ ਦੂਰ ਹੋਇਆ,
ਸਿਰਫ਼ ਸ਼ਬਦਾਂ ਵਿੱਚ ਵਸਿਆ ਹੋਇਆ।
ਉਹ ਅੱਜ ਵੀ ਮਹਿਸੂਸ ਕਰਦਾ ਹੈ
ਉਹਨਾਂ ਦੀ ਛੋਹ ਨੂੰ,
ਉਹਨਾਂ ਦੀ ਮੁਹੱਬਤ ਨੂੰ,
ਉਹਨਾਂ ਦੇ ਪਿਆਰ ਦੀ ਗਰਮੀ ਨੂੰ।
ਤੇ ਇਹ ਪੰਛੀ
ਮੇਰੇ ਹਰ ਇਕ ਅਹਿਸਾਸ ਦੇ ਸਾਕੀ,
ਉੱਡਦੇ ਰਹਿਣਗੇ–
ਜਦ ਤੱਕ ਮੇਰੀ ਰੂਹ ਦੀ ਕਲਮ ਲਿਖਦੀ ਰਹੇਗੀ।




## ਸਾਡੀ ਸੋਚ

ਸਾਡੀ ਸੋਚ ਕਿਹੋ ਜਿਹੀ ਹੋ ਗਈ,
ਆਟਾ- ਦਾਲ਼ ਸਕੀਮ ਹੀ ਮੰਗਦੇ।
ਆਪਣੇ ਆਪ ਗਰੀਬ ਕਹਾਉਂਦੇ,
ਮੰਗਣ ਤੋਂ ਭੋਰਾ ਨਾ ਸੰਗਦੇ।
ਪੜ੍ਹੇ ਲਿਖੇ ਵੀ ਵਿਹਲੇ ਘੁੰਮਦੇ,
ਵਿਹਲੜਾਂ ਦੀ ਇੱਥੇ ਥੋੜ ਕੋਈ ਨਾ ।
ਕੰਮ ਕਾਰ ਨੂੰ ਜੀ ਨਹੀਂ ਕਰਦਾ,
ਕੰਮ ਕਾਰਨੇ ਦੀ ਲੋੜ ਕੋਈ ਨਾ।
ਮੁਫਤ ਚ ਰਾਸ਼ਨ ਕੀ ਕੁਝ ਮਿਲਿਆ,
ਹੁੱਬ ਹੁੱਬ ਕੇ ਅਸੀਂ ਦੱਸਦੇ ਹਾਂ।
ਮੁਫਤਖੋਰ ਅਸੀਂ ਬਣ ਚੁੱਕੇ ਹਾਂ,
ਮਿਹਨਤ ਤੋਂ ਅਸੀਂ ਨੱਸਦੇ ਹਾਂ।
ਕਿਹੋ ਜਿਹਾ ਸਮਾਜ ਬਣ ਗਿਆ,
ਗਲ਼ੀਆਂ ਨਾਲ਼ੀਆਂ ਪਿੱਛੇ ਲੜਦੇ।
ਚੀਜਾਂ ਪਿੱਛੇ ਭੱਜਦੇ ਲੋਕੀਂ ,
ਬੰਦੇ ਦੀ ਕੋਈ ਕਦਰ ਨਾ ਕਰਦੇ।
ਸਿਰ ਤੋਂ ਪਾਣੀ ਲੰਘ ਜਾਂਦਾ ਜਦ,
ਪਿੱਛੋਂ ਕੀ ਪਛਤਾਉਣਾ ਏ ।
ਹੱਕ ਸੱਚ ਤੇ ਮਿਹਨਤ ਸਿੱਖ ਲਓ,
ਜੇ ਕੁਝ "ਰਾਜੇ" ਪਾਉਣਾ ਏ ।




## ਗੁੰਮ ਹੈ ਕਵਿਤਾ

ਗੁੰਮ ਹੈ - ਕਵਿਤਾ
ਗੁੰਮ ਹੈ - ਕਵਿਤਾ ਮੇਰੀ
ਵਿਆਕੁਲ ਹੈ-ਕਲਮ ਮੇਰੀ
ਕੁੱਝ ਅਲਫਾਜ਼ਾਂ ਨੂੰ ਜਨਮ ਦੇ ਕੇ
ਕਵਿਤਾ ਲਿਖਣ ਲਈ
ਪਰ ਕਿੱਥੇ ਹੈ?
ਮੇਰੀ ਕਵਿਤਾ!!
ਸੋਚ ਪਈ ਸੋਚਦੀ
ਹੋ ਫਿਕਰਮੰਦ
ਵਿਆਕੁਲ ਹੈ-ਕਲਮ ਮੇਰੀ
ਕੁੱਝ ਅਲਫਾਜ਼ਾਂ ਨੂੰ ਜਨਮ ਦੇ ਕੇ
ਕਵਿਤਾ ਲਿਖਣ ਲਈ
ਪਰ ਕਿੱਥੇ ਹੈ?
ਮੇਰੀ ਕਵਿਤਾ
ਕਲ੍ਹ ਤਾਂ ਮੇਰੇ ਕੋਲ ਸੀ
ਮੇਰੇ ਜ਼ਿਹਨ 'ਚ
ਭਿੰਨੀ - ਭਿੰਨੀ ਮੁਸਕਰਾਹਟ ਵਿਖੇਰਦੀ
ਹਾਂ, ਸੱਚ!!
ਯਾਦ ਆਇਆ
ਉਹ ਤਾਂ - - -
ਖ਼ਫ਼ਾ ਹੈ! ਪਰ ਕਿਉਂ?
ਚਲੋ, ਪੁੱਛਦਾ ਹਾਂ
ਉਸਦੇ ਘਰ ਵੱਲੋਂ ਆਉਂਦੀ 'ਵਾ ਨੂੰ
'ਵਾ ਵੀ ਤਾਂ ਮੁੱਖ ਮੋੜ ਬੈਠੀ ਹੈ
ਤੇ ਰੁਮਕ ਰਹੀ ਹੈ - ਵਿਪਰੀਤ ਰੁਖ਼
ਤਾਂ ਫਿਰ ਪੁੱਛਦਾ ਹਾਂ
ਉਸ ਦੀ ਸੱਜਰੀ ਪੈੜ ਤੋਂ
ਖ਼ਾਮੋਸ਼ ਤੇ ਸ਼ਾਂਤ ਹੈ, ਪੈੜ ਵੀ--
ਕੇਵਲ ਦਰਸਾਉਂਦੀ ਹੈ
ਉਸ ਦੇ ਘਰ ਦਾ ਰਸਤਾ
ਕੀ ਕਰਾਂ? ਚਲਾ ਜਾਂਅ
ਉਸ ਦੇ ਘਰ ਤਾਂਈ
ਤੇ ਪੁੱਛ ਲਾਂ
ਉਸ ਦੀ ਬੇਰੁਖ਼ੀ ਦਾ ਸਬੱਬ
ਪਰ ਲੋਕ ਕੀ ਕਹਿਣਗੇ?
ਇਹ ਡਰ ਵੀ ਹੈ!
ਦਿਲ ਦੇ ਕਿਸੇ ਨੁੱਕਰੇ
ਜਾਂ ਫਿਰ ਆਪਣੀ ਫੋਕੀ ਆਕੜ ਕਰਕੇ
ਕਦਮ ਨਹੀਂ ਟੁਰ ਦੇ
ਤੇ ਫਿਰ ਤੜਫਦਾ ਕਿਉਂ ਹੈ?
ਆਪਣੀ ਕਵਿਤਾ ਤੋਂ ਸੱਖਣਾ
ਕਿਵੇਂ ਦੱਸਾਂ
ਕਵਿਤਾ ਤਾਂ ਖੁਰਾਕ ਹੈ
ਮੇਰੇ ਮਨ ਦੀ
ਮੇਰੀ ਰੂਹ ਦੀ
ਆਹਾ! ਰੁਮਕੀ 'ਵਾ ਮੇਰੀ ਰੁਖ਼
ਪਰ-ਪਰ!!
ਇਹ-ਇਹ ਕੀ?
'ਵਾ ਵੀ ਦਰਸਾ ਗਈ ਆਪਣੀ ਬੇਵੱਸੀ
'ਵਾ ਨੂੰ ਵੀ ਤਾਂ ਕੁੱਝ ਪਤਾ ਨਹੀਂ
ਮੇਰੀ ਕਵਿਤਾ ਦਾ
ਤੇ ਫਿਰ ਕੀ ਕਰਾਂ??
ਕਿਵੇਂ ਲੱਭਾਂ ਆਪਣੀ ਰੁੱਠੜੀ ਕਵਿਤਾ ਨੂੰ?
ਚਲੋ ਮਾਰਦਾ ਹਾਂ
ਇਕ ਹੋਰ ਝਾਤ
ਆਪਣੇ ਜ਼ਿਹਨ ਦੇ
ਖੰਡਰਾਤਾਂ ਤੇ
ਜਿੱਥੇ ਕਲ੍ਹ ਤੱਕ ਬਿਰਾਜਮਾਨ ਸੀ
ਕਿਤੇ ਮਿਲ ਸਕੇ ਉੱਥੋਂ ਹੀ
ਕਵਿਤਾ ਦੀ ਭਾਲ ਲਈ
ਕੋਈ ਪ੍ਰਤੀਕ ਚਿੰਨ੍ਹ
ਤੇ ਮਨਾ 'ਲਾਂ ਆਪਣੀ ਕਵਿਤਾ ਨੂੰ।




## ਚੁੱਪ ਦਾ ਜ਼ਬਰ

ਕੁਝ ਬੋਲਣ ਦੀ ਮਨਾਹੀ ਹੈ ,ਅਜੇ ਜੁਬਾਨਾਂ ਨੂੰ ਤਾਲੇ ਨੇ,
ਝੂਠ ਨੱਚਦਾ ਵਿਹੜੇ ਅੰਦਰ ,ਜਕੜੇ ਸੱਚ ਨੂੰ ਤਾਲੇ ਨੇ ।
ਤੇਰੇ ਮੂੰਹ ਵਿਚ ਜੁਬਾਨ ਹੈ , ਇਸ ਦੀ ਸਜਾਂ ਮਿਲੇਗੀ ਤੈਨੂੰ,
ਹੱਕਾਂ ਲਈ ਜੇ ਬੋਲਿਆ , ਤੇਰੀ ਔਕਾਤ ਨੂੰ ਤਾਲੇ ਨੇ ।
ਰਹਿਬਰਾਂ ਦੇ ਸੁੱਖਾਂ ਖਾਤਰ , ਉਹ ਸਿਰਾਂ ਤੋਂ ਮਿਰਚਾਂ ਵਾਰਦੇ ,
ਦੀਵੇ ਕਬਰਾਂ ਉੱਤੇ ਜਗਦੇ ,ਹਨੇਰ ਘਰ੍ਹਾਂ ਨੂੰ ਤਾਲੇ ਨੇ ।
ਗਮਾਂ ਨੂੰ ਜ਼ਰਬਾਂ ਦੇਣ ਲਈ, ਹੰਝੂ ਪੀਣ ਨੂੰ ਕਹਿੰਦੇ ਨੇ,
ਕੰਮੀਆਂ ਦੇ ਸੁੰਨੇ ਵਿਹੜਿਆਂ ਚੁਲ੍ਹਿਆਂ ਨੂੰ ਵੀ ਤਾਲੇ ਨੇ,
ਕਿੰਗਰੇ ਬੱਦਲਾਂ ਦੇ ਅਜੇ ਵੀ, ਘੁੰਮਣੇ ਅਸਮਾਨਾਂ ਵਿੱਚ ,
ਕਹਿਰ ਤਪਸ਼ ਦਾ ਐਸਾ, ਛਿੰਨੀਆਂ ਦੇ ਬੂਹੇ ਨੂੰ ਤਾਲੇ ਨੇ ।
ਹਨੇਰੇ ਨੂੰ ਕੋਸਣਾਂ ਛੱਡ, ਆਓ ਕੁਝ ਦੀਪ ਜਗਾ ਲਈਏ,
ਮੱਚਣ ਮਸ਼ਾਲਾਂ ਐਸੀਆਂ ,ਜਾਬਰ ਦੇ ਘਰ ਨੂੰ ਤਾਲੇ ਨੇ ।
ਪਾਣੀ ਉੱਤੇ ਲਕੀਰਾਂ ਮਾਰ, ਰੁਤਬਾ ਕਿਸੇ ਦਾ ਕੀ ਬਣਦਾ,
"ਅਮਰ" ਮੌਸਮੀ ਨਦੀਆਂ ਦੇ ਰਸਤੇ ਦਰਿਆ ਨੂੰ ਤਾਲੇ ਨੇ ।




## ਜ਼ਿੰਦਗੀ




ਆਪਣੀ ਜ਼ਿੰਦਗੀ ਤਾਂ ਪੁੱਤਰਾ
ਵਗਦੇ ਪਾਣੀ ਨੂੰ ਰੇਤੇ ਦਾ ਬੰਨ੍ਹ ਲਾਉਣਾ,
ਢਾਲ ਕੇ ਸਿੱਕਾ ਸਮੇਂ ਦੇ ਕੰਨੀ ਪਾਉਣਾ,
ਉਹ ਚਾਹੁੰਦੇ ਨੇ ਆਪਣੀ ਥਾਵੇਂ
ਚਾਨਣ ਦੇ ਲਈ ਕੰਮ ਉੱਤੇ,
ਸਾਡਾ ਚੰਮ ਰੂਪੀ ਚੰਨ ਲਾਉਣਾ
ਸਾਡੀ ਆਸ ਤਾਂ ਪੁੱਤਰਾ,
ਬਲਦੇ ਚੁੱਲੇ ਉੱਤੇ ਕੱਖਾਂ ਦੀ ਛੰਨ ਪਾਉਣਾ,
ਕਿੱਥੋਂ ਦਾ ਇਨਸਾਫ ਵੇ ਲੋਕਾ
ਭੁੱਖਿਆਂ ਨੂੰ ਡੰਨ ਲਾਉਣਾ,
ਸਾਡੇ ਪੱਲੇ ਵਿੱਚ ਬੁਢਾਪੇ ਤੀਜੀ ਲੱਤ ਨੂੰ,
ਰੋਟੀ ਖਾਤਰ ਚੁੱਲੇ ਵਿੱਚ ਭੰਨ ਲਾਉਣਾ।




## ਅੰਦਰ ਕਿਧਰੇ ਧਰਮ ਨਾ ਦਿਸਦਾ

ਉੱਚੇ ਧਰਮ ਅਸਥਾਨ ਸ਼ੋਭਦੇ,
ਅੰਦਰ ਕਿਧਰੇ ਧਰਮ ਨਾ ਦਿਸਦਾ।
ਪੰਥ ਪੰਥ ਦਾ ਸ਼ੋਰ ਬਥੇਰਾ,
ਪੰਥ ਦੇ ਅੰਦਰ ਪੰਥ ਨਾ ਦਿਸਦਾ।
....ਅੰਦਰ ਕਿਧਰੇ ਧਰਮ ਨਾ ਦਿਸਦਾ।
ਬੌਣੇ ਆਗੂ, ਮੱਚਲੇ ਰਾਖੇ,
ਢੀਠ ਹੋ ਸੁੱਤੀ ਸੰਗਤ ਜਾਪੇ,
ਡੇਰੇਦਾਰਾਂ ਗੁੱਡੀ ਚੜ੍ਹ ਗਈ,
ਵੱਖਰੇ ਲੈ ਕੇ ਬਹਿ ਗਏ ਬਾਟੇ,
ਦੁੱਧ ਦੀ ਰਾਖੀ ਬਿੱਲਾ ਬੈਠਾ,
ਅੰਤ ਭਲਾ ਕੁੱਝ ਬਚੂ ਕਿਆ ਦਿਸਦਾ?
....ਅੰਦਰ ਕਿਧਰੇ ਧਰਮ ਨਾ ਦਿਸਦਾ।
ਕੌਰਵ ਤੇ ਹਰਨਾਖ਼ਸ਼ ਮਿਲਕੇ,
ਮੈਂ ਹੀ ਮੈਂ ਬਸ ਕਰਦੇ ਡਿੱਠੇ,
ਸੱਚ ਸੁਣਾਉਣਾ ਔਖਾ ਹੋਇਆ,
ਝੂਠ ਪਾਖੰਡੀ ਲਗਦੇ ਮਿੱਠੇ।
ਦੇਹ ਧਾਰੀ ਸਨਮਾਨੇ ਜਾਂਦੇ,
ਓਹਲੇ ਸ਼ਬਦ ਗੁਰੂ ਨਾ ਦਿਸਦਾ!
....ਅੰਦਰ ਕਿਧਰੇ ਧਰਮ ਨਾ ਦਿਸਦਾ।
ਮਸੰਦ ਤੇ ਮੀਣੇ ਮਲਾਹ ਬੇੜੀ ਦੇ,
ਝਗੜੇ ਸਭ ਮੇਰਾ ਮੇਰੀ ਦੇ,
ਵੱਖਰੀ ਮੰਜੀ ਬਹਿ ਕੇ,
ਮਣਕੇ, ਮਾਲਾ ਲੋਭ ਫੇਰੀ ਦੇ।
ਤਾਰ ਤਾਰ ਪੰਥ ਮਰਿਆਦਾ,
ਅੰਗ ਅੰਗ ਪੰਥ ਦਾ ਰਿਸਦਾ।
....ਅੰਦਰ ਕਿਧਰੇ ਧਰਮ ਨਾ ਦਿਸਦਾ।
ਚੋਰ ਅਤੇ ਕੁੱਤੇ ਇੱਕ ਥਾਂ ਬੈਠੇ,
ਕਾਤਲ ਅਤੇ ਮਕਤੂਲ ਇਕੱਠੇ।
ਪਰਜਾ ਗਿਆਨ ਬਿਹੂਣੀ ਭਟਕੀ,
ਥੱਕ ਕੇ ਬਹਿ ਗਈ ਵੱਖਰੇ ਕੰਨੇ।
ਕਿਤੇ ਵੀ ਗੱਲ ਨਿਆਂ ਨਾ ਚਲਦੀ,
ਰਾਜੇ ਗੂੰਗੇ ਬੋਲੇ ਅੰਨ੍ਹੇ।
ਭੱਕੂ ਮਾਜਰਾ ਕਿਨਾਰਿਓਂ ਦੇਖੇ,
ਹਰ ਮੁਜਰਮ ਤਖ਼ਤ ਦੀ ਛਾਵੇਂ ਵਸਦਾ।
....ਅੰਦਰ ਕਿਧਰੇ ਧਰਮ ਨਾ ਦਿਸਦਾ।




## ਝੀਲ ਨਾਲ਼ ਮੁਲਾਕਾਤ

ਯੋਸੇਮਿਟੀ ਦੀਆਂ ਵਾਦੀਆਂ ਅੰਦਰ,
ਜਿੱਥੇ ਪਹਾੜ ਅਕਾਸ਼ ਨੂੰ ਛੂਹਣ ਜਾਂਦੇ,
ਇੱਕ ਮਦਮਸਤ ਝੀਲ ਨਾਲ ਮੁਲਾਕਾਤ ਹੋਈ,
ਜਿੱਥੇ ਸੰਗੀਤਮਈ ਪਲਾਂ ਦੀ ਬਰਸਾਤ ਹੋਈ।

ਉਸਦੀ ਰਫ਼ਤਾਰ ਵਿੱਚ ਇੱਕ ਨਸ਼ਾ ਸੀ,
ਉਸਦੇ ਵਹਾਅ ਵਿੱਚ ਅਜੀਬ ਉਡਾਣ,
ਜਿਵੇਂ ਕੁਦਰਤ ਆਪ ਸੰਗੀਤ ਬਣ ਕੇ,
ਕਰ ਰਹੀ ਹੋਵੇ ਜੀਵਨ ਦਾ ਗੁਣਗਾਨ।

ਮੈਂ ਸੋਚਿਆ ਬੈਠਾਂ ਕੁਝ ਪਲ ਉਸ ਕੋਲ,
ਦਿਲ ਦੀਆਂ ਗੱਲਾਂ ਉਸਨੂੰ ਸੁਣਾਵਾਂ,
ਆਪਣੇ ਮਨ ਦੀ ਥਕਾਵਟ ਸਾਰੀ,
ਉਸਦੀਆਂ ਲਹਿਰਾਂ 'ਚ ਵਹਾ ਆਵਾਂ।

ਪਰ ਮੈਨੂੰ ਕੀ ਪਤਾ ਸੀ ਉਸ ਅੰਦਰ ਵੀ,
ਇੱਕ ਅਣਜਾਣ ਜਿਹੀ ਪਿਆਸ ਵਸਦੀ,
ਕਿਸੇ ਸਾਗਰ ਦੇ ਮਿਲਾਪ ਲਈ,
ਇੱਕ ਅੰਤਹੀਣ ਦੌੜ ਸੀ ਦੌੜਦੀ।

ਮੈਂ ਬੋਲਿਆ, ਪਰ ਮੇਰੇ ਸ਼ਬਦ ਸਾਰੇ,
ਉਸਦੇ ਸ਼ੋਰ ਵਿੱਚ ਗੁੰਮ ਹੋ ਗਏ,
ਮੇਰੇ ਵਿਚਾਰਾਂ ਦੇ ਸਾਰੇ ਪੰਛੀ,
ਉਸਦੇ ਪਾਣੀਆਂ ਨਾਲ ਉੱਡ ਗਏ।

ਫਿਰ ਅਜਿਹਾ ਇਕ ਪਲ ਵੀ ਆਇਆ,
ਜਦੋਂ ਹੱਦਾਂ ਸਾਰੀਆਂ ਮਿਟ ਗਈਆਂ,
ਨਾ ਮੈਂ ਰਿਹਾ ਤੇ ਨਾ ਝੀਲ ਰਹੀ,
ਦੋਹਾਂ ਦੀਆਂ ਰੂਹਾਂ ਇਕ ਹੋ ਗਈਆਂ।

ਹੁਣ ਵੀ ਜਦ ਯਾਦ ਉਹ ਆਉਂਦੀ ਹੈ,
ਦਿਲ ਚੁੱਪਚਾਪ ਮੁਸਕਰਾਉਂਦਾ ਹੈ,
ਪਤਾ ਨਹੀਂ ਮੈਂ ਝੀਲ ਬਣਿਆ ਸੀ,
ਜਾਂ ਝੀਲ ਮੇਰੇ ਵਿੱਚ ਸਮਾਉਂਦੀ ਹੈ।




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

TANVEER ART STUDIO
RAJA KALAN 98720 79212
PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING




ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

# ਅਦਬੀ ਵਿਰਾਸਤ

ਅੰਕ 03

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।


## ਮਿਸ਼ਰੀ ਜਿਹੇ ਬੋਲ

ਮਿਸ਼ਰੀ ਜਿਹੇ ਉਹਦੇ ਮਿੱਠੜੇ ਬੋਲ,
ਰਸ ਕੰਨਾਂ ਵਿੱਚ ਦੇਵਣ ਘੋਲ਼।

ਮੈਥੋਂ ਖ਼ੁਸ਼ੀ ਨਾ ਹੋਏ ਸੰਭਾਲ,
ਜਦ ਚੰਨਾ ਤੇਰਾ ਆਏ ਖ਼ਿਆਲ।

ਮੈਂ ਕਮਲੀ ਆਪਾ ਖੋ ਬੈਠੀ,
ਰੋਗ ਪਿਆਰ ਦਾ ਲਿਆ ਮੈਂ ਪਾਲ।

ਚੜ੍ਹੀ ਖੁਮਾਰੀ ਇਸ਼ਕੇ ਦੀ ਏ,
ਅਹਿਸਾਸ ਨੇ ਇਸਦੇ ਬੜੇ ਕਮਾਲ!

ਮੈਂ ਚੁੰਮ ਚੁੰਮ ਗੱਲ੍ਹ ਨਾਲ਼ ਲਗਾਉਂਦੀ,
ਰਹਿ ਗਿਆ ਸੋਹਣੇ ਦਾ ਜੋ ਰੁਮਾਲ।

ਇੱਕਲੀ ਹੀ ਹੱਸਦੀ ਫਿਰਦੀ ਆਂ,
ਜਾਪੇ ਉਹ ਮੇਰੇ ਹਰ ਪਲ ਨਾਲ਼।

ਪਿਆਰ ਓਹਦੇ ਨਾਲ਼ ਭਰ ਗਈ ਝੋਲ਼ੀ,
ਲਵਲੀ ਹੋ ਗਈ ਮਾਲਾਮਾਲ!
'ਮੰਨਤ' ਹੋ ਗਈ ਮਾਲਾ ਮਾਲ !!




## ਮੈਂ ਲਿਖਾਂ ਪੰਜਾਬੀ ਬੋਲੀ ਵਿੱਚ

੧ਓ ਮੈਂ ਸਭ ਤੋਂ ਪਹਿਲਾਂ ਲਿਖਾਂ, ਫੇਰ ਮੈਂ ਕੁੱਲ ਜਹਾਂ ਲਿਖਾਂ
ਮੈਂ ਲਿਖਾਂ ਪੰਜਾਬੀ ਬੋਲੀ 'ਚ, ਪੰਜਾਬੀ ਬੋਲੀ 'ਚ ਆਪਣਾ ਨਾਂ ਲਿਖਾਂ

ਗੁਰੂਆਂ ਭਗਤਾਂ ਅਕਾਲ ਦੀ ਬਾਣੀ, ਉਚਾਰੀ ਵਿੱਚ ਪੰਜਾਬੀ ਬੋਲੀ ਦੇ
ਏਹੋ ਪੰਜਾਬੀ ਬੜੀ ਅਮੀਰ ਬੋਲੀ , ਬਖਸ਼ਸ਼ ਗੁਰੂਆਂ ਦੀ ਬੋਲੀ ਮਾਂ ਲਿਖਾਂ

ਫਰੀਦ ਕਬੀਰ ਰਵਿਦਾਸ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ
ਜਪੁਜੀ ਸਾਹਿਬ ਤੇ ਅਨੰਦ ਸਾਹਿਬ ਬਾਣੀ, ਇਸ ਤੋਂ ਕੀ ਮੈਂ ਅੱਗੇ ਅਗਾਂਹ ਲਿਖਾਂ

ਬਾਬਾ ਬੁੱਲੇ ਸ਼ਾਹ ਹਾਸ਼ਮ ਪੀਲੂ ਸ਼ਾਇਰ, ਵਾਰਿਸ ਸ਼ਾਹ ਦੀ ਹੀਰ ਅਮਰ ਸਦਾ
ਸ਼ਿਵ ਕੁਮਾਰ ਬਟਾਲਵੀ ਜਿਹੇ ਹੀਰੇ, ਨਾਨਕ ਸਿੰਘ ਦਾ ਜਿਕਰ ਹਰ ਥਾਂ ਲਿਖਾਂ

ਮੋਹਨ ਸਿੰਘ ਪ੍ਰੋ ਅਤੇ ਮੀਸ਼ਾ, ਅੰਮ੍ਰਿਤਾ ਪ੍ਰੀਤਮ ਪਾਸ਼ ਸੰਤ ਰਾਮ ਉਦਾਸੀ
ਪ੍ਰੀਤਲੜੀ ਦੀ ਪ੍ਰੀਤ ਅਤੇ ਚਰਨ ਸਿੰਘ ਸਫ਼ਰੀ, ਪੰਜਾਬੀ ਇਹਨਾਂ ਦੀ ਵਿੱਚ ਜ਼ੁਬਾਂ ਲਿਖਾਂ

ਬਲਵੰਤ ਗਾਰਗੀ ਗੋਬਿੰਦ ਪੁਰੀ ਚਾਨਣ, ਦੀਪਕ ਜੈਤੋਈ ਅਤੇ ਸ਼ਿਵ ਪੰਜਾਬੀ ਦੇ
ਦੀਪਕ
ਅਜੋਕੇ ਉੱਚਕੋਟੀ ਦੇ ਵੀ ਲਿਖਾਰੀਆਂ ਨੂੰ, ਬਣੇ ਦੂਜੀਆਂ ਲਈ ਜੋ ਸ਼ਮਾਂ ਲਿਖਾਂ

ਕਹਾਣੀਕਾਰ ਲਾਲ ਸਿੰਘ ਦਸੂਹਾ, ਮਾਂ ਬੋਲੀ ਦਾ ਜਿਉਂਦਾ ਸੁਰਜੀਤ ਪਾਤਰ
ਮੈਂ ਪੜ੍ਹ ਲਵਾਂ ਇਹਨਾਂ ਨੂੰ ਪਹਿਲਾਂ, ਸਿੱਖਦਾ ਜਾਵਾਂ ਅਤੇ ਕੁੱਝ ਨਵਾਂ ਲਿਖਾਂ

ਬੋਦਲਾਂ ਦੇ ਸੁੱਖਵਿੰਦਰ ਨੂੰ ਮਾਣ ਸਦਾ, ਮੇਰੀ ਮਾਂ ਪੰਜਾਬੀ ਬੋਲੀ ਹੈ
ਮੈਂ ਜੋ ਵੀ ਲਿਖਾਂ ਪੰਜਾਬੀ ਵਿੱਚ ਪਹਿਲਾਂ, ਦੂਜੀਆਂ ਭਾਸ਼ਾਵਾਂ ਫਿਰ ਜੋ ਵੀ ਹਾਂ ਲਿਖਾਂ




## ਫੁੱਲਾਂ ਵਾਂਗ

ਫੁੱਲਾਂ ਵਾਂਗ ਮਹਿਕਾਂ ਖਿੰਡਾਈ ਚੱਲ ਸੋਹਣਿਆਂ।
ਖੁਸ਼ੀਆਂ ਦੀ ਖੁਸ਼ਬੂ ਫੈਲਾਈ ਚੱਲ ਸੋਹਣਿਆਂ।।
ਈਰਖਾ ਦਵੇਸ਼ ਤੇ ਕਲੇਸ਼ ਬੜਾ ਫੈਲਿਆ,
ਗੀਤ ਤੂੰ ਮੁਹੱਬਤਾਂ ਦੇ ਗਾਈ ਚੱਲ ਸੋਹਣਿਆਂ।।
ਜਿੰਦਗੀ ਚ ਦੁੱਖ ਸੁੱਖ ਹੁੰਦੇ ਪਹਿਰਾਵੇ ਵਾਂਗੂ,
ਕੰਡਿਆਂ ਦੇ ਨਾਲ ਵੀ ਨਿਭਾਈ ਚੱਲ ਸੋਹਣਿਆਂ।।
ਲੰਘਿਆ ਹਰੇਕ ਪਲ ਹੁੰਦੈ ਅਨਮੋਲ ਪਲ,
ਨਾਲ ਤਦਬੀਰਾਂ ਦੇ ਸਜਾਈ ਚੱਲ ਸੋਹਣਿਆ ।।
ਇੱਕੋ ਇਹ ਜ਼ਿੰਦਗੀ ਹੈ,ਫੇਰ ਨਾ ਦੁਬਾਰਾ ਹੋਣੀ
ਹੱਸ, ਖੇਡ, ਇਸ ਨੂੰ ਲੰਘਾਈ ਚੱਲ ਸੋਹਣਿਆ ।।
ਬੜਾ ਹੈ ਹਨੇਰ ਅਗਿਆਨਤਾ ਦਾ ਚਾਰੇ ਪਾਸੇ,
ਗਿਆਨ ਦੀਆਂ ਰਿਸ਼ਮਾਂ ਫੈਲਾਈ ਚੱਲ ਸੋਹਣਿਆਂ।।
ਦੀਪ ਹੈਂ ਜੇ ਆਪਣਾ ਧਰਮ ਨਹੀਂ ਭੁੱਲਣਾ,
ਖੁਦ ਬਲ ਜੱਗ ਰੁਸ਼ਨਾਈ ਚੱਲ ਸੋਹਣਿਆਂ।।
ਜਗਦੀਸ਼ ਇਹ ਵੀ ਅਣਮੋਲ ਹੁੰਦੇ ਵੀਰਨਾ!
ਸ਼ਬਦਾਂ ਦੇ ਮੋਤੀ ਬਿਖਰਾਈ ਚੱਲ ਸੋਹਣਿਆਂ।।
ਬਹਾਦਰਪੁਰੀ! ਬਖਸ਼ੀ ਖੁਦਾ ਨੇ ਦਾਤ ਸ਼ਬਦਾਂ ਦੀ,
ਸ਼ਬਦਾਂ ਦੇ ਹਾਰ ਤੂੰ ਬਣਾਈ ਚੱਲ ਸੋਹਣਿਆਂ।।




## ਚਿੜੀ

ਚਿੜੀਏ!
ਹੁਣ ਤੂੰ ਪਿੰਡ ਨਾ ਆਵੀਂ
ਤੇਰੇ ਖੰਭ ਨੋਚ ਲੈਣਗੇ
ਵਹਿਸ਼ੀ ਦਰਿੰਦੇ
ਇਹ ਨਹੀਂ ਦੇਖਣਗੇ ਤੇਰੀ ਮਸੂਮੀਅਤ
ਇਹ ਤਾਂ ਤੇਰਾ ਚਿੱਟਾ ਰੰਗ ਤੇ
ਅੱਲੜ ਵਰੇਸ ਦੇਖਣਗੇ
ਕਰ ਦੇਣਗੇ ਖੰਭੜੀ ਖੰਭੜੀ
ਚਿੜੀਏ!
ਤੇਰੀ ਚੀਕ ਪੁਕਾਰ ਨੂੰ ਸੈਲੀਬਰੇਟ ਕਰਨਗੇ
ਤੂੰ ਹਫ ਜਾਵੇਂਗੀ ਤੇ
ਫਸ ਜਾਵੇਂਗੀ ਇਹਨਾਂ ਦੇ
ਮੱਕੜ ਜਾਲ ਵਿੱਚ
ਤੇਰੀ ਨਰਮ ਕਾਇਆ
ਖੂਨੀ ਪੰਜੇ ਵਲੂੰਧਰ ਦੇਣਗੇ
ਚਿੜੀਏ !
ਤੂੰ ਕਿਧਰੇ ਦੂਰ ਉਡਾਰੀ ਮਾਰ ਜਾਵੀਂ
ਪਿੰਡ ਨਾ ਆਵੀ
ਤੇਰੀ ਉਡਾਰੀ ਵੀ ਬਰਦਾਸ਼ਤ ਨਹੀਂ ਹੋਣੀ
ਸ਼ਿਕਾਰੀਆਂ ਕੋਲੋਂ

ਇਹ ਤਾਂ ਘਾਤ ਲਾ ਕੇ ਬੈਠੇ ਨੇ
ਹਰੇਕ ਨੁੱਕਰ ਹਰੇਕ ਖੂੰਜੇ ਤੇ
ਤੇਰਾ ਰਾਹ ਰੋਕਣ ਲਈ
ਹਾਂ ਸੱਚ !
ਜੇਕਰ ਤੂੰ ਆਉਣਾ ਚਾਹਵੇ ਤਾਂ
ਜ਼ਰੂਰ ਆਵੀਂ
ਜੀ ਸਦਕੇ ਆਵੀਂ
ਪਰ
ਨਿਮਾਣੀ ਨਿਤਾਣੀ ਬਣ ਕੇ ਨਹੀਂ
ਬਾਜਾਂ ਨਾਲ ਲੜਨ ਦੀ ਜੁਅਰਤ ਲੈ ਕੇ ਆਵੀ
ਜਿਹੜੀ ਬਖਸ਼ੀ ਸੀ ਤੈਨੂੰ ਗੁਰਾਂ ਨੇ
ਅੱਖ ਵਿੱਚ ਅੱਖ ਪਾਵੀਂ ਦਰਿੰਦਿਆਂ ਦੇ
ਨੀਵੀਂ ਪਾ ਲੈਣ ਤੇਰੀ ਆਭਾ ਦੀ ਚਮਕ ਦੇਖ
ਫਿਰ ਤੇਰਾ ਆਉਣਾ
ਸੁਭਾਗਵੰਤਾ ਹੋਵੇਗਾ
ਫਿਰ ਤੇਰੀ ਉਡਾਰੀ
ਉੱਚੀ ਹੋਵੇਗੀ
ਜ਼ਮਾਨਾ ਦੇਖੇਗਾ ਤੇਰੀ ਉਡਾਰੀ




## ਸ਼ੁਕਰਾਨਾ

ਉਸ ਰੱਬ ਦਾ ਸ਼ੁਕਰ ਮਨਾਈ ਜਾ...
ਜੋ ਮਿਲਦਾ ਖੀਸੇ ਪਾਈ ਜਾ|
ਬੋਤਾ ਸੋਚੀ ਨਾ, ਕਦੇ ਕੋਸੀ ਨਾ..
ਬਸ ਓਹਨੂੰ,
ਦਿਲ ਦੀ ਅਰਜ਼ ਸੁਣਾਈ ਜਾ..
ਉਸ ਰੱਬ ਦਾ ਸ਼ੁਕਰ, ਮਨਾਈ ਜਾ..
ਜੋ ਮਿਲਦਾ ਖੀਸੇ ਪਾਈ ਜਾ|
ਉਹ ਸਭ ਦੇ ਦਿਲ ਦੀ ਸੁਣਦਾ ਹੈ..
ਜੋ ਤੂੰ ਦਿਲ ਵਿੱਚ ਬੁਣਦਾ ਹੈ..
ਸੱਚੇ ਮਨ ਨਾਲ ਸਿਰ ਝੁਕਾ ਕੇ...
ਤੂੰ ਅਪਣਾ ਫਰਜ਼ ਨਿਭਾਈ ਜਾ...
ਉਸ ਰੱਬ ਦਾ ਸ਼ੁਕਰ ਮਨਾਈ ਜਾ..
ਜੋ ਮਿਲਦਾ ਖੀਸੇ ਪਾਈ ਜਾ|
ਇੱਕ ਦੂਜੇ ਤੋਂ, ਅੱਗੇ ਲੰਘਣ ਦੀ,
ਦੁਨੀਆ ਤੇ ਲੱਗੀਆਂ ਦੌੜਾਂ ਏ..
ਖੁਦ ਨੂੰ ਚੰਗਾ, ਦੂਜੇ ਦੇ ਮੰਦੇ ਲਈ..
ਰੋਜ਼ ਕਰਦਾ ਜੋੜਾਂ ਤੋੜਾਂ ਏ|
ਝੂਠੀ ਵਾਹ ਵਾਹ ਦੀ ਖਾਤਿਰ...
ਨਈਂ ਕਿਸੇ ਦਾ ਦਿਲ ਦੁਖਾਈ ਦਾ..
ਉਸ ਰੱਬ ਦਾ ਸ਼ੁਕਰ ਮਨਾਈ ਦਾ..
ਜੋ ਮਿਲਦਾ ਖੀਸੇ ਪਾਈ ਜਾ|

ਬਾਹਰੋਂ ਰੰਗ ਬਰੰਗੇ ਜਾਪੀਏ..
ਅੰਦਰੋਂ ਬੇਰੰਗ ਜਹੇ ਹੋਏ ਹਾਂ...
ਦੂਰੋਂ ਜਾਪਣ ਸੋਹਣੀਆਂ ਤਸਵੀਰਾਂ.
ਪਰ ਅੰਦਰੋਂ ਪਏ ਹੋਏ ਮੋਏ ਹਾਂ
ਬੜੇ ਰੰਗ ਤਮਾਸ਼ੇ, ਇੱਥੇ ਝੂਠੇ ਹਾਸੇ.
ਖੁਸ਼ੀ ਦੇਖ, ਰੱਖੇ ਦਿਲ ਵਿੱਚ ਸਾੜਾ
ਰੋਂਦੇ ਨੂੰ ਖੁਸ਼ੀ ਖੁਸ਼ੀ, ਫਿਰ ਦੇਣ ਦਿਲਾਸੇ..
ਖੁੱਦ ਉੱਚਾ ਚੁੱਕਣ ਲਈ...
ਕਿਸੇ ਨੂੰ ਥੱਲੇ, ਨਈਂ ਲਾਈ ਦਾ ...
ਉਸ ਰੱਬ ਦਾ ਸ਼ੁਕਰ ਮਨਾਈ ਜਾ...
ਜੋ ਮਿਲਦਾ ਖੀਸੇ ਪਾਈ ਜਾ|
ਸਭ ਕੁਝ ਕਰਕੇ ਦੇਖ ਲਿਆ...
ਫਿਰ ਵੀ ਸਕੂਨ ਮਿਲਿਆ ਨਾ...
ਕਿਉਂ ਗੁਲਦਸਤਾ ਖੁਸ਼ੀਆਂ ਦਾ
ਤੇਰੇ ਦਿਲ ਵਿੱਚ ਖਿਲਿਆ ਨਾ..
ਦੂਜੇ ਦੇ ਗਮਾਂ ਤੇ, ਜੋ ਟਿਕੀਆਂ ਖੁਸ਼ੀਆਂ..
ਕੋਈ ਫਾਇਦਾ ਨਈਂ,
ਰੱਬ ਪੂਜਾ ਕੀਤੀ ਤੇ ਕਰਾਈ ਦਾ,
ਉਸ ਰੱਬ ਦਾ ਸ਼ੁਕਰ ਮਨਾਈ ਜਾ,
ਜੋ ਮਿਲਦਾ ਖੀਸੇ ਪਾਈ ਜਾ|




## ਆਮ ਲੋਕਾਂ ਨੂੰ ਸਵਾਲ

ਜੈਸਾ ਰਾਜਾ ਤੈਸੀ ਪਰਜਾ,ਜੈਸੀ ਪਰਜਾ ਤੈਸਾ ਰਾਜਾ ਹੈ ਹੁੰਦਾ,
ਫਿਰ ਸੇਕ ਕਿਉਂ ਲੱਗਦਾ ਹੈ ਲੋਕੋ ਤੁਹਾਨੂੰ ਭ੍ਰਿਸ਼ਟਾਚਾਰ ਦਾ?
ਲੁੱਟਾਂ-ਖੋਹਾ,ਚੋਰੀਆਂ-ਝੱਪਟਾਂ ਅਤੇ ਘਪਲੇ ਨਿੱਤ ਦੇ ਕਾਰੇ ਨੇ,
ਕਾਨੂੰਨ ਡੁੱਬ ਗਿਆ ਹੈ ਕਿੱਥੇ ਲੋਕੋ ਸਾਡੇ-ਤੁਹਾਡੇ ਸ਼ਹਿਰ ਦਾ ?
ਮੁਫ਼ਤ ਸਕੀਮਾ ਨੇ ਆਲਸ ਅਤੇ ਦਲਿੱਦਰ ਹੈ ਵਧਾਇਆ,
ਹਰ ਕੰਮ-ਧੰਦਾ ਕਿਉਂ ਕਰਦਾ ਹੈ ਭਈਆ ਯੂਪੀ-ਬਿਹਾਰ ਦਾ?
ਨਸ਼ਾ-ਪੱਤਾ ਪਹਿਲਾਂ ਵਿਰਲੇ ਲੋਕ ਲੁਕ-ਛਿੱਪ ਕੇ ਸਨ ਕਰਦੇ,
ਹੁਣ ਹਰ ਗਲੀ-ਮੁਹੱਲੇ ਕਿਉਂ ਫਿਰਦਾ ਹੈ ਬੜ੍ਹਕਾਂ ਮਾਰਦਾ?
ਦੁੱਖ-ਸੁੱਖ ਦੀ ਸਾਂਝ-ਭਿਆਲੀ ਹੈ ਅੱਜ ਟੁੱਟਦੀ ਜਾਂਦੀ,
ਅੱਜ ਬੰਦਾ,ਬੰਦੇ ਕੋਲ ਘੜੀ-ਪਲ ਕਿਉਂ ਨਹੀਂ ਠਹਿਰਦਾ?
ਪਾਕ-ਪਵਿੱਤਰ ਰਿਸ਼ਤੇ ਹਨ ਅੱਜ ਤਿੜਕਣ ਲੱਗ ਪਏ,
ਮਾਇਆ ਮਰ ਜਾਣੀ ਨੇ ਕੈਸਾ ਕੱਸ ਕੇ ਪੱਥਰ ਹੈ ਮਾਰ ਤਾ?
ਸਾੜ-ਫੂਕ, ਭੰਨ-ਤੋੜ ਅਤੇ ਦੰਗੇ-ਪੰਗੇ ਹਨ ਅਕਸਰ ਹੁੰਦੇ,
ਸਮਾਜ ਵਿਰੋਧੀ ਅਨਸਰਾਂ ਨੂੰ ਲੋਕੋ ਭੂਹੇਂ ਕੌਣ ਹੈ ਚਾੜ੍ਹਦਾ?
ਭ੍ਰਿਸ਼ਟ-ਤੰਤਰ ਨੇ ਪਰਜਾਤੰਤਰ ਨੂੰ ਹੈ ਗ੍ਰਹਿਣ ਲਗਾਇਆ,
'ਰਾਜ ਨਹੀਂ ਸੇਵਾ' ਨੇ ਲੋਕੋ ਕੈਸਾ ਚੰਦ ਨਵਾਂ ਹੈ ਚਾੜ੍ਹ ਤਾ?




## ਲਾਰੇ

ਰਾਤਾਂ ਕਾਲੀਆਂ ਲੰਘ ਦੀਆਂ ਨੇ
ਇਕ ਇਕ ਗਿਣ ਕੇ ਤਾਰੇ
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ..
ਦਿਨ ਲੰਘਦਾ ਏ ਸੋਚਾਂ ਦੇ ਵਿੱਚ,
ਮਰ ਮਰ ਵਕਤ ਲੰਘਾਈਏ।
ਤੂੰ ਤਾਂ ਮੁਖੜਾ ਮੋੜ ਲਿਆ ਏ,
ਅਸੀਂ ਕਿੱਧਰ ਨੂੰ ਜਾਈਏ?
ਤੇਰੇ ਦਿੱਤੇ ਜਖ਼ਮ ਅਵੱਲੇ,
ਚੀਸਾਂ ਪਾਉਂਦੇ ਨੇ...
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ...
ਕਦੇ ਮਹਿਕ ਦੀ ਸੀ ਜੋ ਹਾਸਿਆਂ ਦੇ ਵਿੱਚ,

ਅੱਜ ਦਿਲ ਦੀ ਕਲੀ ਮੁਰਝਾਈ
ਤੇਰੇ ਬਾਝੋਂ ਐਸੇ ਉੱਜੜੇ
ਸਾਡੀ ਜ਼ਿੰਦਗੀ 'ਡਿੱਬੂ' ਕੁਮਲਾਈ।
ਬੀਤੇ ਪਲ ਉਹ ਮੁਹੱਬਤਾਂ ਦੇ,
ਬੜਾ ਰੋਵਾਉਂਦੇ ਨੇ...
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ...
ਰਾਤਾਂ ਕਾਲੀਆਂ ਲੰਘ ਦੀਆਂ ਨੇ
ਇਕ ਇਕ ਗਿਣ ਕੇ ਤਾਰੇ
ਤੇਰੇ ਮੁੜ ਆਉਣ ਦੇ ਲਾਰੇ
ਬੜਾ ਸਤਾਉਂਦੇ ਨੇ,
ਤੇਰੇ ਮੁੜ ਆਉਣ ਦੇ ਲਾਰੇ
ਬੜਾ ਸਤਾਉਂਦੇ ਨੇ
ਤੇਰੇ ਮੁੜ ਆਉਣ ਦੇ ਲਾਰੇ,
ਬੜਾ ਸਤਾਉਂਦੇ ਨੇ...




## ਦਿਲਦਾਰ ਘਟਦੇ ਜਾ ਰਹੇ

ਪਿਆਰ ਘਟਦੇ ਜਾ ਰਹੇ। ਸਤਿਕਾਰ ਘਟਦੇ ਜਾ ਰਹੇ।
ਉੱਚੇ ਸੁੱਚੇ ਜੱਗ 'ਤੇ ਕਿਰਦਾਰ ਘਟਦੇ ਜਾ ਰਹੇ।
ਹਰ ਪਾਸੇ ਕਤਲੋਗ਼ਾਰਤ, ਜੰਗੀ ਮਾਹੌਲ ਬਣਿਆ।
ਧਰਤੀ ਉੱਤੇ ਜੀਣ ਦੇ, ਆਸਾਰ ਘਟਦੇ ਜਾ ਰਹੇ।
ਸਭਨਾਂ ਦਾ ਇੱਕੋ ਚੁੱਲ੍ਹਾ, ਸਭਨਾਂ ਦੀ ਜਿੰਦ ਇੱਕੋ,
ਇਹੋ ਜਿਹੇ ਸੰਸਾਰ 'ਤੇ ਪਰਿਵਾਰ ਘਟਦੇ ਜਾ ਰਹੇ।
ਆਪਣੇ ਹੀ ਛੱਡ ਖਲੋਏ ਗ਼ੈਰਾਂ 'ਤੇ ਕੀ ਗਿਲਾ ਹੈ,
ਭਾਈ ਘਨਈਏ ਵਾਂਗੂ, ਪਰਉਪਕਾਰ ਘਟਦੇ ਜਾ ਰਹੇ।
ਜੇਬਾਂ 'ਚ ਪਾਈ ਫਿਰਦੇ ਸਭਨਾਂ ਦੇ ਹੱਥ ਨਵਾਬੀ,
ਸੋਹਣੀ ਤਮੀਜ਼ ਵਾਲੇ ਚੱਜ-ਆਚਾਰ ਘਟਦੇ ਜਾ ਰਹੇ।
ਸਭਨਾਂ ਦੀਆਂ ਲੱਗੀਆਂ ਦੌੜਾਂ ਨਹੀਂ ਵਕਤ ਕਿਸੇ ਕੋਲ ਪਲ ਵੀ,
ਸੱਚ ਕਮਾਈ ਨਾਮ ਦੀ ਵਿਉਪਾਰ ਘਟਦੇ ਜਾ ਰਹੇ।
ਸਾਧੂਆਂ ਦੇ ਭੇਸ ਵਿੱਚ ਨੇ ਠੱਗ ਲੁਟੇਰੇ ਡਾਕੂ,
ਚਾਰੇ ਪਾਸੇ ਸੱਚ ਦੇ ਦਰਬਾਰ ਘਟਦੇ ਜਾ ਰਹੇ।
ਜਿੱਥੇ ਸੱਚ ਸੀ ਤੁਲਦਾ, ਹੋਵਣ ਦਿਲਾਂ ਦੇ ਸੌਦੇ,
ਉਹ ਪ੍ਰੇਮ ਪਿਆਰ ਦੀਆਂ ਗਲੀਆਂ,
ਦੁਆਰ ਘਟਦੇ ਜਾ ਰਹੇ।
ਵਗਦੀਆਂ ਨੇ ਗਰਮ ਹਵਾਵਾਂ , ਨਾ ਦਿਲ ਨੂੰ ਮਿਲੇ ਸਕੂਨ,
ਜਾਨੀ ਦਿਲਾਂ ਦੇ "ਸਹਿਜ ", ਦਿਲਦਾਰ ਘਟਦੇ ਜਾ ਰਹੇ।




## ਉਸਤਾਦ ਸਫ਼ਰੀ

ਹਰ ਪੱਲ ਆਵੇ ਮੈਨੂੰ ਯਾਦ ਸਫ਼ਰੀ
ਰੱਬ ਵਰਗਾ ਸੀ ਉਸਤਾਦ ਸਫ਼ਰੀ
ਪਹਿਲੀ ਵਾਰ ਜਦੋਂ ਡੇਰੇ ਵਿਚ ਆਇਆ ਮੈ
ਪੱਗ ਮਿੱਠਾ ਦੇਕੇ, ਪੈਰੀਂ ਹੱਥ ਲਾਇਆ ਮੈ
ਦੇਵੇ ਮੇਰੀ ਕ਼ਲਮ ਨੂੰ ਰਾਗ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ
ਮੂੰਹ ਉੱਤੇ ਗੁੱਸਾ ਦਿਲ ਵਿਚ ਰਹਿਮ ਸੀ
ਉਮਰ ਵਡੇਰੀ , ਪਰ ਉਂਝ ਕਇਮ ਸੀ
ਫਿਰਾਕ ਦਿਲ ਸਿਗਾ ਇੱਕ ਸਾਧ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ
ਚਰਨਾ ਦੇ ਨਾਲ ਮੈਨੂੰ ਲਾਕੇ ਰੱਖਿਆ
ਕੱਲਾ ਕੱਲਾ ਲਿਖ਼ਣ ਦਾ ਗੁਣ ਦੱਸਿਆ
ਸ਼ਬਦਾਂ ਦਾ ਭਰਿਆ ਸੀ ਬਾਗ਼ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ
ਸਿੱਖੀ ਤੇ ਅਨੋਖੇ ਗੀਤ ਉਹ ਬਣਾ ਗਿਆ
ਗੀਤਾਂ ਵਿੱਚ ਪੂਰੀ ਜਿੰਦ ਜਾਨ ਪਾ ਗਿਆ
ਸੀ ਕਵੀਆਂ ਦਾ ਕਵੀ ਸਰਤਾਜ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ

ਬੋਦਲਾਂ ਤੋਂ ਆਕੇ ਸੀ ਦਸੂਹੇ ਵਿਚ ਵੱਸਦਾ
ਕੱਲਾ ਕੱਲਾ ਬੋਲ ਜਸਵੀਰ ਅੱਜ ਦੱਸਦਾ
ਕੁੱਲੀਆਂ ਵਾਲੇ ਨੂੰ ਲਾਏ ਭਾਗ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ
ਅੰਬਰਾਂ ਦੇ ਤਾਰਿਆ ਚ ਪਾਇਆ ਮੇਰਾ ਨਾਂ
ਸਾਰੀ ਦੁਨੀਆਂ ਚ ਚਮਕਾਇਆ ਮੇਰਾ ਨਾਂ
ਕਲਮ ਦੇ ਖੇਤਰ ਚ ਮਹਿਤਾਬ ਸਫ਼ਰੀ
ਰੱਬ ਵਰਗਾ ਸੀ ਮੇਰਾ ਉਸਤਾਦ ਸਫ਼ਰੀ





" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

TANVEER ART STUDIO
RAJA KALAN 98720 79212
PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING






ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

ਅੰਕ 03

# ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

## ਫੁੱਲਾਂ ਵਾਂਗ

ਫੁੱਲਾਂ ਵਾਂਗ ਮਹਿਕਾਂ ਖਿੰਡਾਈ ਚੱਲ ਸੋਹਣਿਆਂ।
ਖੁਸ਼ੀਆਂ ਦੀ ਖੁਸ਼ਬੂ ਫੈਲਾਈ ਚੱਲ ਸੋਹਣਿਆਂ।।
ਈਰਖਾ ਦਵੇਸ਼ ਤੇ ਕਲੇਸ਼ ਬੜਾ ਫੈਲਿਆ,
ਗੀਤ ਤੂੰ ਮੁਹੱਬਤਾਂ ਦੇ ਗਾਈ ਚੱਲ ਸੋਹਣਿਆਂ।।
ਜ਼ਿੰਦਗੀ ਚ ਦੁੱਖ ਸੁੱਖ ਹੁੰਦੇ ਪਹਿਰਾਵੇ ਵਾਂਗੂ,
ਕੰਡਿਆਂ ਦੇ ਨਾਲ ਵੀ ਨਿਭਾਈ ਚੱਲ ਸੋਹਣਿਆਂ।।
ਲੰਘਿਆ ਹਰੇਕ ਪਲ ਹੁੰਦੈ ਅਨਮੋਲ ਪਲ,
ਨਾਲ ਤਦਬੀਰਾਂ ਦੇ ਸਜਾਈ ਚੱਲ ਸੋਹਣਿਆ ।।
ਇੱਕੋ ਇਹ ਜ਼ਿੰਦਗੀ ਹੈ,ਫੇਰ ਨਾ ਦੁਬਾਰਾ ਹੋਣੀ
ਹੱਸ, ਖੇਡ, ਇਸ ਨੂੰ ਲੰਘਾਈ ਚੱਲ ਸੋਹਣਿਆ ।।
ਬੜਾ ਹੈ ਹਨੇਰ ਅਗਿਆਨਤਾ ਦਾ ਚਾਰੇ ਪਾਸੇ,
ਗਿਆਨ ਦੀਆਂ ਰਿਸ਼ਮਾਂ ਫੈਲਾਈ ਚੱਲ ਸੋਹਣਿਆਂ।।
ਦੀਪ ਹੈਂ ਜੇ ਆਪਣਾ ਧਰਮ ਨਹੀਂ ਭੁੱਲਣਾ,
ਖੁਦ ਬਲ ਜੱਗ ਰੁਸ਼ਨਾਈ ਚੱਲ ਸੋਹਣਿਆਂ।।
ਜਗਦੀਸ਼ ਇਹ ਵੀ ਅਣਮੋਲ ਹੁੰਦੇ ਵੀਰਨਾ!
ਸ਼ਬਦਾਂ ਦੇ ਮੋਤੀ ਬਿਖਰਾਈ ਚੱਲ ਸੋਹਣਿਆਂ।।
ਬਹਾਦਰਪੁਰੀ! ਬਖਸ਼ੀ ਖੁਦਾ ਨੇ ਦਾਤ ਸ਼ਬਦਾਂ ਦੀ,
ਸ਼ਬਦਾਂ ਦੇ ਹਾਰ ਤੂੰ ਬਣਾਈ ਚੱਲ ਸੋਹਣਿਆਂ।।




## ਅੱਖਰ

ਅੱਖਰਾਂ ਅੰਦਰ ਅੱਖਰ ਬਗਾਵਤ ਕਰਦੇ ਨੇ
ਆਪਣਿਆਂ ਦੇ ਹੱਥੋਂ ਆਪਣੇ ਮਰਦੇ ਨੇ

ਮੰਜੇ ਉੱਤੇ ਉਮਰ ਹੰਢਾ ਕੇ ਬੈਠੇ ਜੋ
ਹੱਥੀਂ ਜੰਮਿਆ ਤੋਂ ਪਏ ਕਿੱਦਾਂ ਡਰਦੇ ਨੇ

ਹੱਥਾਂ ਚ' ਪੱਥਰ ਫੜਕੇ ਜੇੜ੍ਹੇ ਆਏ ਨੇ
ਲਹੂ ਦਾ ਰਿਸ਼ਤਾ ਮੇਰਾ ਏਹ ਤੇ ਘਰਦੇ ਨੇ

ਲਹਿਰਾਂ ਵਾਂਗੂੰ ਪਾਇਆ ਸ਼ੋਰ ਸ਼ਰਾਬਾ ਏ
ਨਾ ਸਲੀਕੇ ਅੰਦਰ ਤੇ ਨਾ ਪਰਦੇ ਨੇ

ਸੋਚਾਂ ਵਾਲੇ ਚੌਰਾਹੇ ਸੂਰਜ ਚੜ੍ਹਿਆ ਨਹੀਂ
ਬੋਲਣ ਏਥੇ ਗੂੰਗੇ ਕਿੱਥੇ ਜ਼ਰਦੇ ਨੇ

ਨਫਰਤ ਵਾਲੇ ਰੁੱਖ ਨੇ ਛਾਂ ਤੇ ਦੇਣੀ ਨਹੀਂ
ਹੌਲੇ ਹੁੰਦੇ ਓਹੀ ਪਾਣੀ ਤਰਦੇ ਨੇ

ਕੱਟ ਲਏ ਫ਼ਾਕੇ ਅੱਖੋਂ ਓਹਲੇ ਕੀਤਾ ਨਹੀਂ
ਮਾੜੇ ਡੰਗਰਾਂ ਵਾਂਗੂੰ ਕੱਲੇ ਚਰਦੇ ਨੇ,




## ਖੋਜ

ਜ਼ਿੰਦਗੀ ਦੇ ਰਾਹਾਂ ਉੱਤੇ ਤੁਰਦੇ ਤੁਰਦੇ,
ਅਸੀਂ ਹਰ ਪਲ ਕੁਝ ਲੱਭਦੇ ਜਾਂਦੇ ਹਾਂ,
ਕਦੇ ਸੁਪਨਿਆਂ ਦੀ ਚਮਕ ਪਿੱਛੇ,
ਕਦੇ ਆਪਣੇ ਆਪ ਨੂੰ ਪਾਉਂਦੇ ਹਾਂ।


ਖੋਜ ਹੀ ਦਰਿਆ ਦਾ ਵਹਿਣਾ ਹੈ,
ਖੋਜ ਹੀ ਪੰਛੀ ਦੀ ਉਡਾਰੀ ਹੈ,
ਖੋਜ ਹੀ ਬੀਜ ਦੀ ਹਿੰਮਤ ਬਣ ਕੇ,
ਮਿੱਟੀ ਵਿੱਚੋਂ ਜੰਮੀ ਕਿਆਰੀ ਹੈ।

ਕੋਈ ਧਨ ਦੇ ਪਿੱਛੇ ਦੌੜਦਾ ਹੈ,
ਕੋਈ ਨਾਮ ਦੀ ਰੌਸ਼ਨੀ ਲੱਭਦਾ ਹੈ,
ਪਰ ਜੋ ਰੂਹ ਦੇ ਅੰਦਰ ਉਤਰ ਜਾਵੇ,
ਉਹ ਸੱਚੇ ਅਰਥਾਂ ਦੀ ਖੁਸ਼ਬੂ ਪਾਉਂਦਾ ਹੈ।

ਸਵਾਲਾਂ ਦੇ ਦੀਵੇ ਜਗਦੇ ਰਹਿਣ,
ਇਹੀ ਤਾਂ ਜੀਵਨ ਦਾ ਚਾਨਣ ਹੈ,
ਜੋ ਆਪਣੇ ਆਪ ਨੂੰ ਖੋਜਦਾ ਰਹੇ,
ਉਸ ਲਈ ਹਰ ਦਿਨ ਨਵਾਂ ਚਾਨਣ ਹੈ।

ਮੰਜ਼ਿਲ ਮਿਲ ਵੀ ਜਾਵੇ ਤਾਂ ਕੀ ਹੋਇਆ,
ਰਾਹਾਂ ਦੀ ਰੌਣਕ ਘੱਟ ਨਾ ਹੋਵੇ,
ਖੋਜ ਦੀ ਅੱਗ ਦਿਲ ਵਿੱਚ ਜਗਦੀ ਰਹੇ,
ਉਮੀਦਾਂ ਦਾ ਸੂਰਜ ਮੱਥੇ ਚੜ੍ਹਦਾ ਹੋਵੇ।

ਕਿਉਂਕਿ ਜੀਵਨ ਜਵਾਬਾਂ ਨਾਲ ਨਹੀਂ,
ਸਵਾਲਾਂ ਨਾਲ ਮਹਿਕਦਾ ਰਹਿੰਦਾ ਹੈ,
ਖੋਜ ਦਾ ਪੰਛੀ ਜਿਸ ਦਿਲ ਵਿੱਚ ਵੱਸੇ,
ਉਹ ਹਰ ਪਲ ਨਵਾਂ ਜਨਮ ਲੈਂਦਾ ਹੈ।।




## ਕੁਦਰਤ

ਪਰਮ ਪਿਤਾ ਦੀ ਕੁਦਰਤ ਏਥੇ ਜਦੋਂ ਵੀ ਰੰਗ ਦਿਖਾਵੇ
ਕਦੇ ਕਰੋਨਾ ਕਦੇ ਸਵਾਈਨ ਕਦੇ ਬਣਕੇ ਸੁਨਾਮੀ ਆਵੇ
ਧੰਨਵਾਨ ਪਿਆ ਨਿਰਧਨ ਨੂੰ ਲੁੱਟਦਾ
ਲਾਲਚ ਦਾ ਪਿਆ ਖੂਹ ਹੈ ਪੁੱਟਦਾ
ਇੱਕ ਦਿਨ ਲੇਖਾ ਦੇਣਾ ਪੈਣਾ ਇਹ ਨਾ ਭਰਮ ਮਿਟਾਵੇ
ਪਰਮ ਪਿਤਾ ਦੀ ਕੁਦਰਤ ਏਥੇ ਜਦੋਂ ਵੀ ਰੰਗ ਦਿਖਾਵੇ
ਕਦੇ ਕਰੋਨਾ ਕਦੇ ਸਵਾਈਨ ਕਦੇ ਬਣਕੇ ਸੁਨਾਮੀ ਆਵੇ
ਜਿਸ ਰੱਬ ਨੇ ਕਾਇਨਾਤ ਸਜਾਈ
ਵਿਗਿਆਨ ਵੀ ਏਥੇ ਉਹਨੇ ਬਨਾਈ
ਬੇ ਸਮਝੇ ਦੀ ਸਮਝ ਨੂੰ ਏਥੇ ਕੁਝ ਵੀ ਨਾ ਥਿਆਵੇ
ਪਰਮ ਪਿਤਾ ਦੀ ਕੁਦਰਤ ਏਥੇ ਜਦੋਂ ਵੀ ਰੰਗ ਦਿਖਾਵੇ
ਕਦੇ ਕਰੋਨਾ ਕਦੇ ਸਵਾਈਨ ਕਦੇ ਬਣਕੇ ਸੁਨਾਮੀ ਆਵੇ
ਅਰਸੀਂ ਤਾਰੇ ਗਿਣ ਨਈ ਸਕਦਾ
ਧਰਤੀ ਪਤਾਲ ਨੂੰ ਮਿਣ ਨਈ ਸਕਦਾ
ਚੰਦ ਉੱਤੇ ਪੈਰ ਧਰਕੇ ਵੀ ਰੱਬ ਨੂੰ ਦੇਖ ਨਾ ਪਾਵੇ
ਪਰਮ ਪਿਤਾ ਦੀ ਕੁਦਰਤ ਏਥੇ ਜਦੋਂ ਵੀ ਰੰਗ ਦਿਖਾਵੇ
ਕਦੇ ਕਰੋਨਾ ਕਦੇ ਸਵਾਈਨ ਕਦੇ ਬਣਕੇ ਸੁਨਾਮੀ ਆਵੇ
ਕੁੱਲੀਆਂ ਵਾਲੇ ਦੀ ਗੱਲ ਨੂੰ ਮੰਨੋ
ਸਾਇੰਸ ਦਾ ਯੁੱਗ ਪਰ ਰੱਬ ਨੂੰ ਮੰਨੋ
ਢੰਗ ਬਦਲ ਬਦਲਕੇ ਕੁਦਰਤ ਸਭ ਨੂੰ ਪਈ ਸਮਝਾਵੇ
ਪਰਮ ਪਿਤਾ ਦੀ ਕੁਦਰਤ ਏਥੇ ਜਦੋਂ ਵੀ ਰੰਗ ਦਿਖਾਵੇ
ਕਦੇ ਕਰੋਨਾ ਕਦੇ ਸਵਾਈਨ ਕਦੇ ਬਣਕੇ ਸੁਨਾਮੀ ਆਵੇ




ਐ ਹੰਝੂਓ ਕਦੇ ਮੇਰੀਆਂ ਅੱਖਾਂ 'ਚੋਂ

ਸੁੱਕ ਵੀ ਜਾਇਆ ਕਰੋ,

ਉਹਦੀ ਯਾਦ 'ਚ ਵਹਿੰਦੇ ਰਹਿੰਦੇ ਹੋ

ਕਦੇ ਰੁਕ ਵੀ ਜਾਇਆ ਕਰੋ,

ਸਦਾ ਤਿਆਰ ਰਹਿੰਦੇ ਹੋ

ਮੇਰੀਆਂ ਅੱਖਾਂ ਵਿੱਚ ਆਉਣ ਲਈ,

ਉਸ ਬੇਵਫਾ ਵਾਂਗੂੰ ਤੁਸੀਂ ਕਦੇ

ਮੋੜ ਮੁੱਖ ਵੀ ਜਾਇਆ ਕਰੋ।




## ਦੀਪ ਦੇ ਸ਼ੌਕ

ਸਾਨੂੰ ਸ਼ੌਕ ਪੰਜਾਬੀ ਪੜ੍ਹਨੇ ਦਾ ਨਾ ਚਿੱਟੇ ਅਤੇ ਸ਼ਰਾਬਾਂ ਦਾ ।

ਸੱਚ ਤੇ ਕਲਮ ਚਲਾਉਂਦੇ ਹਾਂ ਅਮਲ ਹੈ ਬਸ ਕਿਤਾਬਾਂ ਦਾ ।

ਸਦਾ ਗੁਰੂਆਂ ਪੀਰਾਂ ਭਗਤਾਂ ਦੀ ਅਸੀਂ ਬਾਣੀ ਦਿਲ ਵਸਾਈ ਏ ,

ਸੰਗੀਤ ਨੂੰ ਤਰਸਣ ਕੰਨ ਸਾਡੇ ਮਰਦਾਨੇ ਦੀਆਂ ਰਾਬਾਬਾਂ ਦਾ ।

ਸ਼ਿਵ , ਦਮੋਦਰ , ਵੀਰ ਸਿੰਘ ਤੇ ਵਾਰਿਸ ਦੇ ਅਸੀਂ ਵਾਰਿਸ ਹਾਂ ,

ਲਹਿੰਦੇ ਚੜ੍ਹਦੇ ਸ਼ਾਇਰਾਂ ਵਿਚ ਦਰਦ ਬੜਾ ਏ ਬੇਹਿਸਾਬਾਂ ਦਾ ।

ਬੁੱਲ੍ਹਾ , ਹਾਸ਼ਮ , ਪੀਲੂ ਨਾਲੇ ਫ਼ਰੀਦ - ਕਬੀਰ ਨੂੰ ਪੜ੍ਹਦੇ ਹਾਂ ,

ਪੰਜਾਬੀ ਮਹਿਕਾਂ ਵੰਡਦੀ ਏ ਜਿਵੇਂ ਹੁੰਦਾ ਇਤਰ ਗੁਲਾਬਾਂ ਦਾ ।

ਸੱਚ ਬੋਲਣਾ , ਸੱਚ ਤੇ ਖੜ੍ਹਨਾ ਭਾਵੇਂ ਕੱਲੇ ਹੀ ਰਹਿ ਜਾਈਏ ,

ਜ਼ਮੀਰ ਜਾਗਦੀ ਰੱਖਣੀ ਨਾਲੇ ਚਾਅ ਕਰਨਾ ਪੂਰੇ ਖ਼ਾਬਾਂ ਦਾ ।

ਮਾਂ ਬੋਲੀ ਸਾਡੀ ਜਿੰਦ ਜਾਨ ਬਸ ਇਹਨੂੰ ਜਿਊਂਦੇ ਰੱਖਣਾ ਹੈ ,

' ਦੀਪ ' ਝਿੰਗੜਾਂਵਾਲਾ ਲੋਚੇ ਫਿਰ ਪੰਜਾਬ ਬਣੇ ਪੰਜ ਆਬਾਂ ਦਾ ।




## ਕਿਤੋਂ ਵਰ ਜਾ ਮਿਹਰ ਦਿਆ ਬੱਦਲਾ

ਕਿਤੋਂ ਵਰ ਜਾ ਮਿਹਰ ਦਿਆ ਬੱਦਲਾ! ਧਰਤੀ ਪਿਆਸੀ ਕੂਕਦੀ।
ਸਾਹ ਸੁੱਕ ਗਏ ਹਰੇਕ ਜੀਆ ਜੰਤ ਦੇ ਕਿ ਲੂਅ ਜਾਂਦੀ ਪਿੰਡੇ ਫੂਕਦੀ।
ਕਿਤੋਂ ਵਰ ਜਾ----------------।
ਸੁਬਹ ਹੁੰਦਿਆਂ ਪਸੀਨੇ ਰਹਿਣ ਛੁੱਟਦੇ, ਘਰਾਲਾਂ ਬਣ ਬਣ ਚੋਂਦੀਆਂ।
ਰਾਤਾਂ ਸਿਆਣੇ ਤੇ ਨਿਆਣੇ ਜਾਗ ਕੱਟਦੇ, ਨੈਣਾਂ ਚ ਨੀਂਦਾਂ ਨਹੀ ਆਉਂਦੀਆਂ।
ਢਾਣੀ ਮੱਛਰਾਂ ਦੀ ਹੱਲੇ ਰਹੇ ਬੋਲਦੀ ਨਜ਼ਾਰੇ ਲੈ ਲੈ ਖੂਨ ਚੂਸਦੀ।
ਕਿਤੋਂ ਵਰ ਜਾ-----------------।
ਜਿਵੇਂ ਆਈਆਂ ਨੇ ਤੰਦੂਰਾਂ ਵਿੱਚੋਂ ਚੱਲ ਕੇ, ਹਵਾਵਾਂ ਵਿੱਚੋਂ ਸੇਕ ਮਾਰਦਾ।
ਦੁੱਖੀ ਹੋਈਆਂ ਰਸੋਈ 'ਚ ਜਨਾਨੀਆਂ , ਬੁਰਾ ਹਾਲ ਪਰਿਵਾਰ ਦਾ।
ਬਾਰਾਂ ਵਜੇ ਤਾਂ ਆਕਾਸ਼ੋਂ ਅੱਗ ਵਰਦੀ ਤੇ ਕਿਤੇ ਚਿੜੀ ਵੀ ਨਾ ਚੂਕਦੀ।
ਕਿਤੋਂ ਵਰ ਜਾ--------------।
ਪਾਣੀ ਪੀਤਿਆਂ ਪਿਆਸ ਨਹੀ ਮਿੱਟਦੀ ਤੇ ਧੁੱਪਾਂ ਨੇ ਕਰਾ 'ਤੀ ਬੱਸ ਹੈ।
ਤੰਗ ਹੋਏ ਤੋਂ ਲੋਕਾਈ ਇਹੋ ਆਖਦੀ ਕਿ ਸੱਭ ਹੀ ਦਾਤੇ ਦੇ ਹੱਥ ਹੈ।
ਟੋਭੇ ਸੁੱਕ ਗਏ, ਨਹਿਰਾਂ ਦੇ ਪਾਣੀ ਮੁੱਕ ਗਏ ਅਗਨ ਜਾਵੇ ਪਿੰਡੇ ਲੂਸਦੀ।
ਕਿਤੋਂ ਵਰ ਜਾ---------------।
ਉੱਠ ਪੱਛਮ ਦੀ ਗੁੱਠੋਂ ਬਣ ਮੇਘਲਾ ਤੂੰ ਬਾਰਸ਼ਾਂ ਲਿਆ ਦੇ ਦਾਤਿਆ।
ਖੁਸ਼ ਹੋਣ ਕਿਰਸਾਨ ਨਾਲੇ ਕਿਰਤੀ ਤੂੰ ਠੰਡ ਵਰਤਾ ਦੇ ਦਾਤਿਆ।
ਰੂਹ ਠਰ ਜਾਵੇ ਤੇਰੇ ਜਗਦੀਸ਼ ਦੀ ਜਾਂ ਠੰਡੀ ਹਵਾ ਜਾਵੇ ਸ਼ੂਕਦੀ।
ਕਿਤੋਂ ਵਰ ਜਾ----------------।




ਹੁਣ ਕਿਸ਼ਤੀਆਂ ਵੀ ਡਰਦੀਆਂ ਨੇ

ਕੰਢਿਆਂ ਤੋਂ,

ਲੋਕਾਂ ਦੇ ਚਿਹਰੇ ਨਹੀਂ ਮਿਲਦੇ


ਨੀਅਤਾਂ ਤੋਂ।

ਦਰਿਆ ਤਾਂ ਅੱਜ ਵੀ ਸ਼ਾਂਤ

ਵਗਦੇ ਨੇ,

ਡੁੱਬਦੇ ਅਕਸਰ ਅਸੀਂ ਆਪਣੇ ਹੀ

ਭਰਮਾਂ ਤੋਂ।




## ਕੁਦਰਤੀ ਇੱਕ ਦਿਨ ਖੇਲ ਹੋ ਗਿਆ

ਕੁਦਰਤੀ ਇੱਕ ਦਿਨ ਖੇਲ੍ਹ ਹੋ ਗਿਆ,
ਰੱਬ ਦੇ ਨਾਲ ਮੇਰਾ ਮੇਲ ਹੋ ਗਿਆ ।
ਸ਼ਕਲ ਨਾ ਸੂਰਤ ਅਵਾਜ਼ ਹੀ ਸੀ ਓਹ
ਅਨਹਦ ਧੁੰਨੀ ਜਿਹਾ ਸਾਜ਼ ਹੀ ਸੀ ਓਹ
ਅਵਾਜ਼ ਓਹਦੀ ਸੀ ਬੜੀ ਹੀ ਮਿੱਠੜੀ
ਅਜਿਹੀ ਬੋਲੀ ਕਦੇ ਸੁਣੀ ਨਾ ਡਿੱਠੜੀ
ਓਹ ਸੀ ਪਲ ਛਿਣ ਵਕਤੋਂ ਪਰ੍ਹੇ ਓਹ
ਸਭ ਤੋਂ ਮਹਿੰਗੇ ਸਭ ਤੋਂ ਖਰੇ ਓਹ
ਜਨਮਾਂ ਤੋਂ ਮੈਂ ਸਵਾਲਾਂ ਦਾ ਲੱਦਿਆ
ਪੁੱਛ ਲਿਆ ਹਰ ਇੱਕ ਕੋਈ ਨਾ ਛੱਡਿਆ
ਓਹ ਤੇ ਰੱਬ ਹੈ ਮਾਂ ਪਿਓ ਸਭ ਦਾ
ਬ੍ਰਹਿਮੰਡ ਰਾਜਾ ਮਾਂ ਪਿਓ ਜਗ ਦਾ
ਮੈਂ ਪੁੱਛਿਆ ਕੀ ਖੇਡ ਤਮਾਸ਼ਾ
ਓਹ ਹੱਸਿਆ ਸੀ ਮਿੱਠੜਾ ਹਾਸਾ
ਉਸ ਨੇ ਕਿਹਾ ਇਹ ਖੇਡ ਕਰਮ ਦੀ
ਮੇਰੇ ਤੋਂ ਉਤਪੰਨ ਇਹ ਖੇਡ ਧਰਮ ਦੀ
ਮੈਂ ਹੀ ਮੈਂ ਹਾਂ ਮੈਂ ਹੀ ਹਾਂ ਸਭ
ਕਰਮਾਂ ਦੀ ਖੇਡ ਖਿਡਾਵਾਂ ਮੈਂ ਜਗ
ਕਲਜੁਗ ਵਿੱਚ ਜੋ ਨਾਮ ਧਿਆਵੇ
ਕਰੋੜਾਂ ਚੋਂ ਇੱਕ ਕੋਈ ਮੁਕਤੀ ਪਾਵੇ
ਮੁਕਤੀ ਪਾ ਜੋ ਮੇਰੇ 'ਚ ਸਮਾਵੇ
ਓਹ ਰੂਹ ਮੁਕਤ ਤੇ ਅਮਰ ਹੋ ਜਾਵੇ
ਨਾ ਓਹ ਜਨਮ ਮਰਨ ਵਿੱਚ ਆਵੇ
ਕੰਚਨ ਕਾਇਆ ਰੂਪ ਕਹਾਵੇ
ਐ ਪੁੱਤਰ ਤੂੰ ਮੁਕਤ ਹੋ ਗਿਓਂ
ਧਿਆਨ ਦੀ ਧੁੰਨ 'ਚ ਲੁਪਤ ਹੋ ਗਿਓਂ
ਐਨਾ ਕਹਿ ਰੱਬ ਵਿਛੜ ਗਿਆ ਫ਼ਿਰ
ਵਕਤ ਖੜੋਤਾ ਨਿੱਖੜ ਗਿਆ ਫ਼ਿਰ
ਬੋਦਲ਼ਾਂ ਦੇ ਸੁੱਖਵਿੰਦਰ ਦੀ ਤੜਫਣ
ਫ਼ਿਰ ਤੋਂ ਉਸ ਨੂੰ ਮਿਲਣ ਦੀ ਆਸ ਮਨ
ਕਾਸ਼! ਕੇ ਇਹ ਮਨ ਸ਼ੁੱਧ ਹੋ ਜਪ ਲਏ
ਨਾਮ ਦਾ ਅੰਮ੍ਰਿਤ ਫ਼ਿਰ ਤੋਂ ਚੱਖ ਲਏ
ਲਗਾ ਨਾ ਦੇਵੀਂ ਰੱਬਾ ਫ਼ਿਰ ਤੋਂ ਸਦੀਆਂ
ਕੰਨਾਂ ਨੂੰ ਅਵਾਜ਼ ਦੀਆਂ ਪਿਆਸਾਂ ਬੜੀਆਂ
ਸਦੀਓਂ ਵਿਛੋੜਾ ਕਿੰਝ ਝੇਲ ਹੋ ਗਿਆ
ਕੁਦਰਤੀ ਇੱਕ ਦਿਨ ਖੇਲ੍ਹ ਹੋ ਗਿਆ
ਰੱਬ ਦੇ ਨਾਲ਼ ਮੇਰਾ ਮੇਲ ਹੋ ਗਿਆ ॥




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

TANVEER ART STUDIO
RAJA KALAN 98720 79212
PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING




ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

# ਅੰਕ 03 ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।


## ਹਾਹਾਕਾਰ ਹੈ ਮਚੀ ਚੁਫੇਰੇ

ਗਲੀ ਗਲੀ ਵਿੱਚ ਡਾਕੂ ਘੁੰਮਣ,
ਹਰ ਇੱਕ ਚੌਂਕ 'ਚ ਖੜੇ ਲੁਟੇਰੇ।
ਮਲਕ ਭਾਗੋ ਹਨ ਜਬਰੀਂ ਖੋਂਹਦੇ,
ਲੁੱਟਦੇ ਸੱਜਣ ਸੱਦ ਕੇ ਡੇਰੇ।
ਬਾਬਰ ਪੁੱਤਰ ਹਾਕਮ ਬਣ ਗਏ,
ਹਾਹਾਕਾਰ ਹੈ ਮਚੀ ਚੁਫੇਰੇ।
ਦੌਲਤਮੰਦ ਦੋ ਹੱਥੀਂ ਲੁੱਟਣ,
ਲਾਲੋ ਦੀ ਕੋਈ ਬਾਤ ਨਾ ਪੁੱਛਣ।
ਰਾਮ ਰਾਜ ਦੀ ਕਥਾ ਵੀ ਕਰਦੇ,
ਮਜਲੂਮਾਂ ਨੂੰ ਗਲਿਓਂ ਫੜਦੇ।
ਬੇਦੋਸ਼ੇ ਪਏ ਜੇਲੀਂ ਸੜਦੇ,
ਬਾਬਿਆਂ ਲੱਗੀਆਂ ਮੌਜਾਂ ਡੇਰੇ।
ਪਿੱਛੜਿਆਂ ਦੇ ਨਾਲ ਅਗੜੇ ਲੜਦੇ,
ਦਲਿਤ ਸਵਰਨਾਂ ਹੱਥੋਂ ਮਰਦੇ।
ਫਿਰਕਾਦਾਰੀ ਐਨੀ ਵਧ ਗਈ,
ਤਾਜ਼ੀਏ ਬੰਦ ਪਰ ਕਾਂਵੜ ਚਲਦੇ।
ਧਰਮ ਜਾਤ ਪੁੱਛ ਕਤਲ ਨੇ ਹੁੰਦੇ ,
ਅਮਨ ਕਾਨੂੰਨ ਮਜ਼ਾਕ ਬਣ ਗਿਆ।
ਰਾਜੇ ਦੇ ਕਿਹਾਂ ਹੋਣ ਫ਼ੈਸਲੇ,
ਕਚਹਿਰੀ ਲਗਦੀ , ਯੋਗੀਆਂ ਡੇਰੇ।

ਸਿੱਖਿਆ ਸਿਹਤ ਵਪਾਰ ਬਣ ਗਿਆ,
ਖੋਹ ਖਾਣਾ ਰੋਜਗਾਰ ਬਣ ਗਿਆ।
ਮਹਿੰਗਾਈ ਦੀ ਮਾਰ ਗੰਭੀਰ,
ਹਾਕਮ ਜ਼ਾਲਮ ਬੇਗੁਰਪੀਰ।
ਦੀਨ ਦੁੱਖੀ ਦੀ ਸੁਣੇ ਨਾ ਕੋਈ,
ਨਾ ਬਸ ਤੇਰੇ ਨਾ ਬਸ ਮੇਰੇ।
ਲਾਠੀ ਰਾਜ ਦੀ ਬੋਲੀ ਬਣ ਗਈ।
ਲੋਕ ਤੰਤਰ ਲੱਠ ਤੰਤਰ ਬਣ ਗਿਆ।
ਲੋਕਾਂ ਨੂੰ ਸੁਖ ਸਾਧਨ ਦੀ ਥਾਂ,
ਮਾਰੋ ਕੁੱਟੋ ਰਾਜ ਮੰਤਰ ਬਣ ਗਿਆ।
ਪਰਜਾ ਡਰਦੀ ਗੁੰਮ ਸੁੰਮ ਹੋਈ,
ਘਸੁੰਨ ਹੋ ਗਿਆ ਰੱਬ ਤੋਂ ਨੇੜੇ।
ਧਨ ਕੁੱਬੇਰਾਂ ਸ਼ੈਤਾਨੀ ਹਾਸੇ,
ਲੁੱਟ ਖਜ਼ਾਨਾ ਪੂਰਨ ਘਾਟੇ।
ਮਹਿੰਗਾਈ ਮਾਰ ਗਰੀਬਾਂ ਪੈਂਦੀ,
ਘਰ ਘਰ ਅੰਦਰ ਵੈਣ ਸਿਆਪੇ।
ਮਾੜੇ ਨੂੰ ਇਨਸਾਫ਼ ਕਿੰਝ ਮਿਲਣਾ,
ਸੰਵਿਧਾਨ ਹੋ ਜਖ਼ਮੀ ਆਈਸੀਯੂ ਜਾ ਪਿਆ।
ਭੱਕੂ ਮਾਜਰਾ ਰਹਿ ਨਾ ਸਕਦਾ,
ਦੁਖਦੀ ਰਗ ਨੂੰ ਮੁੜ ਮੁੜ ਛੇੜੇ।




## ਝੱਖੜਾਂ ਝੰਬਿਆ ਰੁੱਖ

ਮੈਂ ਝੱਖੜਾਂ ਝੰਬੇ ਹਾਂ ਰੁੱਖ ਜਿਹਾ
ਮੇਰੇ ਫੁੱਲ ਪੱਤੇ ਸਭ ਝੜ ਗਏ ਨੇ,
ਲੱਗੇ ਆਹਲਣੇ ਖੌਰੇ ਕਿੱਥੇ ਗਏ
ਲੱਭ ਨੈਣ ਮੇਰੇ ਉਹ ਹੜ੍ਹ ਗਏ ਨੇ ।
ਜੋ ਕੱਲ ਤੱਕ ਛਾਵੇਂ ਬਹਿੰਦੇ ਸੀ
ਅੱਜ ਦੂਰ ਮੈਥੋਂ ਹੋ ਖੜ੍ਹ ਗਏ ਨੇ,
ਮੇਰੇ ਦੁੱਖਾਂ ਤੋਂ ਹੋ ਕੇ ਮੁਨਕਰ ਉਹ
ਦਰ ਸੁੱਖਾਂ ਦੀ ਪੌੜੀ ਚੜ੍ਹ ਗਏ ਨੇ ।
ਠੰਢੀ ਛਾਂ ਮੇਰੀ ਮਾਨਣ ਵਾਲੇ ਅੱਜ
ਹੱਥ ਫੜ੍ਹ ਕੁਹਾੜੇ ਖੜ੍ਹ ਗਏ ਨੇ,
ਭੁੱਲ ਗੁਣਾਂ ਦੇ ਮੇਰੇ ਪੁਲੰਦੇ ਨੂੰ
ਕਈ ਦੋਸ਼ ਮੱਥੇ ਮੇਰੇ ਮੜ੍ਹ ਗਏ ਨੇ ।
ਜੋ ਗੋਦੀ ਬਹਿ ਮੇਰੀ ਚਹਿਕਦੇ ਸਨ
ਉਹ ਪੰਛੀ ਵੜ੍ਹ ਨਵੇਂ ਘਰ ਗਏ ਨੇ
ਛੱਡ ਚੀਂ ਚੀਂ ਰਾਗ ਪਿਆਰਾਂ ਦਾ
ਮੇਰੇ ਜਿਸਮ 'ਚ ਮੋਰੀਆਂ ਕਰ ਗਏ ਨੇ ।
ਸਦਾ ਚੜ੍ਹਦੇ ਨੂੰ ਹੋਵੇ ਸਲਾਮ ਇੱਥੇ
ਗੱਲ ਸੱਚੀ ਸਿਆਣੇ ਕਰ ਗਏ ਨੇ,
'ਸੁੱਖ ' ਤੇਰੀ ਔਕਾਤ ਤੇ ਕੁਝ ਵੀ ਨਹੀਂ
ਬਾਜੀ ਵੱਡੇ ਵੱਡੇ ਵੀ ਹਰ ਗਏ ਨੇ ।




## ਗ਼ਜ਼ਲ

ਖ਼ੁਦ ਨੂੰ ਖ਼ੁਦ ਚੋਂ ਟੋਲ ਰਿਹਾ ਹਾਂ।
ਖ਼ਿਆਲ ਜ਼ਖ਼ੀਰਾ ਫੋਲ ਰਿਹਾ ਹਾਂ।

ਸੁਣਿਆ ਉਹ ਤਾਂ ਚੁਪ ਦਾ ਮਸਲਾ,
ਜਿਸ ਦੇ ਬਾਰੇ ਬੋਲ ਰਿਹਾ ਹਾਂ।

ਰੰਗ ਤੇਰੇ ਚਿਹਰੇ ਦੇ ਲਾਹ ਕੇ,
ਰੂਹ ਦੇ ਜਲ ਵਿਚ ਘੋਲ ਰਿਹਾ ਹਾਂ।

ਕਿਉਂ ਨਹੀਂ ਚਾਨਣ ਦਾ ਪਰਛਾਵਾਂ,
ਇਹ ਨੁਕਤਾ ਪੜਚੋਲ ਰਿਹਾ ਹਾਂ।

ਫਿਰ ਹੀ ਉਸਨੇ ਕੀਮਤ ਜਾਣੀ,
ਜਦ ਨਾ ਉਸਦੇ ਕੋਲ ਰਿਹਾ ਹਾਂ।

ਵਾਂਗ ਖਲੇਪੜ ਰੂਹ 'ਤੋਂ ਲਹਿਗੀ,
ਉਸ ਮਿੱਟੀ ਨੂੰ ਤੋਲ ਰਿਹਾ ਹਾਂ।




## ਐ ਰਹਿਬਰੋ

ਉਂਗਲੀ ਲਾ ਜੋ ਤੁਸੀਂ ਸੀ ਤੋਰੇ ਦੇ ਕੇ ਨਵੇਂ ਦਿਲਾਸੇ।
ਖੜੇ ਚੁਰਸਤਿਆਂ 'ਤੇ ਉਹ ਪੁੱਛਦੇ ਜਾਵਣ ਕਿਹੜੇ ਪਾਸੇ।।
ਇਨਕਲਾਬ ਦਾ ਸ਼ੇਰ ਬਹਿ ਗਿਆ ਸੰਸਦ ਭਵਨ ਚ ਜਾ ਕੇ,
ਘਾਹ ਖਾਣ ਲਈ ਨਿਤ ਮਿਮਿਆਂਉਦਾ ਹੱਥ ਚ ਫੜ ਕੇ ਕਾਸੇ।।
ਹਾਥੀ, ਹੱਥ, ਤੱਕੜੀਆਂ, ਕਮਲਾਂ ,ਝਾੜੂਆਂ ਦੇ ਵਿੱਚ ਫਸ ਗਏ, ।
ਇਨਕਲਾਬ ਸੀ ਲਿਆਉਣਾ ਜਿਹਨਾ ਖੁਰ ਗਏ ਵਾਂਗ ਪਤਾਸੇ।।
ਰਹਿਬਰ ਹੀ ਜਦ ਰਾਹ ਭਟਕ ਕੇ ਰੁਲ ਗਏ ਬੀਆਬਾਣੀ,
ਕਾਫਲਿਆਂ ਦੇ ਦਿਲ ਨਾ ਟੁੱਟਣ ਕਿਉਂ ਨਾ ਹੋਣ ਨਿਰਾਸੇ।।
ਸਾਡੇ ਕੋਲ ਉਦਾਸੀਆਂ, ਸ਼ਿਕਵੇ,ਦੁਨੀਆਂ ਭਰ ਦੇ ਰੋਣੇ,
ਕੋਲ ਤੁਹਾਡੇ ਚੋਰ ਝਾਕਣੀ, ਹੋਠੀਂ ਖਚਰੇ ਹਾਸੇ।।
ਗੈਰਾਂ ਦੀ ਮਹਿਫਲ ਵਿੱਚ ਘੁੰਮਦੇ ਅਸੀਂ ਲਵਾਰਿਸਾਂ ਵਾਂਗੂ,
ਕੌਣ ਅਸਾਡੇ ਦਿਲਾਂ ਦੀ ਜਾਣੇ, ਕਿਹੜਾ ਦਰਦ ਕਿਆਸੇ ?
ਬੇਪੀਰਿਆਂ ਦੀ ਪੀਰਪਰਸਤੀ ਕਰਕੇ ਮਰੀ ਲੋਕਾਈ,
ਖੁਦ ਪੀਰ ਜੀ ਤਰ ਗਏ, ਜਨਤਾ ਡੁੱਬ ਮੋਈ ਧਰਵਾਸੇ।।
ਨਫਰਤ,ਦਹਿਸ਼ਤ, ਬਦਅਮਨੀ,ਬਦਨੀਤ ਤੇ ਬਦਗੋਈ,
ਰਹਿਬਰੋ! ਦੇਸ਼ ਪੁਚਾਇਆ ਕਿੱਥੇ, ਸ਼ਾਬਾਸ਼ੇ- ਸ਼ਾਬਾਸ਼ੇ।।




## ਜੰਗ ਬੰਦੀ

ਦਰਦ ਨਾਲ ਕੁਰਲਾਉਂਦੀ ਆਵਾਜ਼ ਸੁਣੀ
ਤੇ ਖੂਨ ਨਾਲ ਲੱਥ ਪੱਥ
ਨਿੱਕਾ ਜਿਹਾ ਹੱਥ ਦਿਸਿਆ
ਤਾਂ ਰਾਹਤ ਕਰਮੀ ਦਾ ਮੱਥਾ ਠਣਕਿਆ
ਕੋਈ ਤਾਂ ਹੈ ਅੰਦਰ
ਮਲਬਾ ਹਟਾਇਆ
ਤਾਂ ਵੇਖਿਆ ਇੱਕ ਬੱਚਾ
ਲੈ ਰਿਹਾ ਸੀ ਆਖਰੀ ਸਾਹ
ਉਧਰ ਮੌਤ ਦੇ ਵਪਾਰੀ
ਹਾਕਮ ਧਿਰਾਂ
ਜੰਗਬੰਦੀ ਦੀ ਚਰਚਾ ਕਰਦੀਆਂ
ਬੇਦੋਸ਼ੇ ਦੀ ਧਰਤੀ ਨੂੰ
ਹੜੱਪਣ ਲਈ
ਨਵੇਂ ਹਮਲੇ ਦੀ
ਬਣਾ ਰਹੀਆਂ ਸਨ ਤਰਕੀਬ
ਇਧਰ
ਬੇਖਬਰ ,ਬੇਬਸ
ਲਾਚਾਰ ਸਨ ਲੋਕ

ਕੁਝ ਮਰੇ
ਕੁਝ ਅੱਧ ਮਰੇ
ਭੋਗ ਰਹੇ ਸਨ
ਅਣ -ਚਾਹਿਆ ਸੰਤਾਪ
ਲੋਕਾਂ ਦੀ ਭੀੜ ਵਿੱਚ ਹੀ
ਸ਼ਾਮਿਲ ਸੀ ਉਹ ਮਾਸੂਮ
ਰਾਹਤ ਕਰਮੀ ਨੂੰ ਲੱਗਿਆ
ਜਿਵੇਂ ਪੁੱਛ ਰਿਹਾ ਹੋਵੇ
ਦੱਸੋ ਮੇਰਾ ਕੀ ਕਸੂਰ ਏ !?




## ਹਵਾ , ਪਾਣੀ ਤੇ ਰੁੱਖ

ਹਵਾ ਤੇ ਪਾਣੀ ਦੋਵੇਂ ਬਚਾਈਏ।
ਫੋਕੇ ਨਾ ਹੁਣ ਨਾਅਰੇ ਲਾਈਏ।

ਕੁਦਰਤ ਦੀਆਂ ਦਾਤਾਂ ਅਨਮੋਲ।
ਅਮੀਰ ਉਹ, ਜਿਸ ਦੇ ਇਹ ਕੋਲ।

ਇਹ ਹਨ ਸਾਡਾ ਸਰਮਾਇਆ।
ਤਾਂ ਬਚਣ ,ਜੇ ਜਾਵੇ ਬਚਾਇਆ।

ਇਹਨਾਂ ਬਿਨਾਂ ਅਸੀ ਜੀ ਨੀਂ ਸਕਦੇ।
ਪ੍ਰਦੂਸ਼ਤ ਪਾਣੀ ਪੀ ਨਹੀਂ ਸਕਦੇ।

ਹਵਾ ਗੰਧਲੀ , ਸਾਹ ਕਿੰਝ ਲੈਣਾ,
ਇਹ ਹੁਣ ਸਾਨੂੰ ਸੋਚਣਾ ਪੈਣਾ।

ਪਸ਼ੂ, ਪੰਛੀ ਅਤੇ ਰੁੱਖ ਵਿਚਾਰੇ।
ਬਿਨ ਇਹਨਾਂ ਦੇ ਇਹ ਦੁਖਿਆਰੇ।

ਹਵਾ,ਪਾਣੀ ਆਪਾਂ ਬਣਾ ਨੀਂ ਸਕਦੇ।
ਸੰਭਾਲ ਬਿਨਾਂ ਬਚਾ ਨਹੀਂ ਸਕਦੇ।

ਗੁਰੂਆਂ ਦਿੱਤਾ ਸਾਨੂੰ ਉਪਦੇਸ਼।
ਇੱਹ ਗੱਲ ਰੱਖੇਓ ਯਾਦ ਹਮੇਸ਼।

ਕੋਈ ਅਣਗਹਿਲੀ ਹੋਣ ਨੀਂ ਦੇਣੀ।
ਦਾਤ ਕੁਦਰਤੀਂ ਖੋਣ ਨਹੀਂ ਦੇਣੀ।

'ਪੱਤੋਂ' ਆਪਾਂ ਮਤਾ ਪਕਾਈਏ।
ਆਓ ਸਾਰੇ ਕਸਮਾਂ ਖਾਈਏ।




## ਸਾਂਝੀ ਨੀਂਦ ਤੇ ਸਾਂਝੇ ਸੁਪਨੇ

ਲੱਖ ਚੁਰਾਸੀ ਮੇਦਨੀ 'ਤੇ ਜੀਵਾਂ ਦੀ ਭਰਮਾਰ।
ਕੁਦਰਤ ਬੰਦਾ ਸਾਜ ਕੇ ਤੇ ਕਰ ਦਿੱਤਾ ਸਰਦਾਰ।।
ਵੰਨ ਸੁਵੰਨੇ ਰੰਗ ਨਸਲ ਤੇ ਵੰਨ ਸੁਵੰਨੇ ਵੇਸ
ਜਿੱਦਾਂ ਕਿਸੇ ਢਲਾਣ 'ਤੇ ਖਿੜੀ ਹੋਵੇ ਗੁਲਜ਼ਾਰ। ।
ਸਾਂਝੇ ਸੂਰਜ ਤਾਰੇ ਸਭ ਦੇ ਸਾਂਝੀ ਵਗਦੀ ਵਾਅ।
ਸਭ ਨੂੰ ਵੰਡੇ ਨੇਮਤਾਂ ਕੁਦਰਤ ਬੇ ਪਰਵਾਹ। ।
ਸਾਂਝੀ ਨੀਂਦ ਤੇ ਸਾਂਝੇ ਸੁਪਨੇ ਸਾਂਝੀ ਜੀਵਨ ਜਾਚ
ਇੱਕੋ ਘਰ ਨੂੰ ਜਾਣ ਵਥੇਰੇ ਵੱਖੋ ਵੱਖਰੇ ਰਾਹ।।
ਕੁਝ ਫਿਰਕੂ ਜ਼ਾਲਮ ਹਾਕਮਾਂ ਇਹ ਦਿੱਤਾ ਚੰਨ ਚੜ੍ਹਾ।
ਉਹ ਖਿੱਚ ਕੇ ਜੰਜੂ ਤੋੜਦੇ ਦੇਣ ਤਸਬੀ ਹੱਥ ਫੜਾ।।
ਛੱਡ ਰਾਮ ਨਾਮ ਦੀ ਆਸਥਾ ਕਹਿੰਦੇ ਸਿੱਖ ਲਓ ਦੇਣ ਆਜਾਨ
ਉਨ੍ਹਾਂ ਦੀਨ ਧਰਮ ਦੇ ਨਾਮ 'ਤੇ ਦਿੱਤਾ ਆਪੋ ਵਿਚ ਲੜਾ।।
ਗੁਰੂ ਤੇਗ ਬਹਾਦਰ ਸਾਹਿਬ ਜੀ ਗਏ ਔਰੰਗ ਨੂੰ ਸਮਝਾਣ।
ਸਾਡੀ ਆਪਣੀ ਜੀਵਨ ਜਾਚ ਹੈ ਤੇ ਆਪਣਾ ਪਹਿਣ ਖਾਣ।।
ਕਿਉਂ ਚੁੱਕ ਚ ਆ ਕੇ ਬਾਦਸ਼ਾਹ ਰਿਹੈਂ ਅੱਗ ਅਮਨ ਨੂੰ ਲਾ
ਸਾਡੀ ਆਸਥਾ ਉੱਪਰ ਜੰਦਰੇ ਸਾਨੂੰ ਬਿਲਕੁਲ ਨਹੀਂ ਪਰਵਾਨ।।
ਉਸ ਫਿਰਕੂ ਔਰੰਗ ਬਾਦਸ਼ਾਹ ਨੂੰ ਹੋਇਆ ਜਿਵੇਂ ਸ਼ੁਦਾਅ।
ਗੁਰੂ ਤੇਗ ਬਹਾਦਰ ਚੌਂਕ ਚਾਂਦਨੀ ਦਿੱਤੇ ਕਤਲ ਕਰਾਅ।।
ਥੂਹ ਥੂਹ ਹੋਈ ਓਸ ਦੀ, ਗੁਰੂ ਸਾਹਿਬ ਦੀ ਜੈ ਜੈ ਕਾਰ।
ਜਿਸ ਬਣ ਕੇ ਚਾਦਰ ਜਗਤ ਦੀ ਲਿਆ ਸੱਭਿਆਚਾਰ ਬਚਾਅ। ।
ਇਹ ਕੀ ਨਾਨਕ ਦੀ ਧਰਤ 'ਤੇ ਹੈ ਗਈ ਹਨੇਰੀ ਝੁੱਲ!
ਏਥੇ ਖੋਹੀਆਂ ਜਾਣ ਆਜ਼ਾਦੀਆਂ ਤੇ ਪੈਣ ਸਿਰਾਂ ਦੇ ਮੁੱਲ। ।
ਵਾਹ ਨੀ ਧਰਤ ਸੁਹਾਵੀਏ ਤੇਰੇ ਕਿਹੜਾ ਲਿਖਦਾ ਲੇਖ!
ਤੇ ਕੌਣ ਖਿੜਾਉਣਾ ਲੋਚਦਾ ਹੈ ਇੱਕੋ ਰੰਗ ਦੇ ਫੁੱਲ!!




## ਵੱਡਾ ਸ਼ਖਸ

ਆਪਣੇ ਕੋਲ ਬੈਠੇ ਨਿੱਕਿਆਂ ਨੂੰ ਵੀ
ਜੋ ਸ਼ਖ਼ਸ.....
ਨਿੱਕਾ ਮਹਿਸੂਸ ਨਾ ਹੋਣ ਦੇਵੇ
ਅਸਲ ਵਿੱਚ
ਉਹੀ ਸ਼ਖ਼ਸ ਵੱਡਾ ਹੁੰਦੈ
ਸਿਆਣਿਆਂ ਤੋਂ......
ਸੁਣੀਆਂ ਸੀ...... ਇਹ ਗੱਲਾਂ ।
ਸਿਆਣੇ ਇਹ ਵੀ ਕਹਿੰਦੇ
ਨਿਰਮਲ ਪਾਣੀ ਜੋ ਵਹਿੰਦੇ.....
ਕਦੇ ਮੈਲੇ ਨਾ ਹੁੰਦੇ
ਸਿਆਣੇ ਇਹ ਵੀ ਸੰਦੇਸ਼ ਦਿੰਦੇ....
ਆਦੇਸ਼ ਦਿੰਦੇ
ਸਦਾ ਚਲਦੇ ਰਹਿਣਾ.....
ਕਦੇ ਉਦਾਸ ਹੋ ਕੇ ਨਾ ਬਹਿਣਾ ।
ਸਿਆਣੇ ਕਹਿੰਦੇ
ਅਸੀਂ ਐਵੇਂ ਤਾਂ ਨਹੀਂ ਕਹਿੰਦੇ ....
ਅਸੀਂ ਵੀ ਤੱਤ ਕੱਢੇ ਨੇ
ਉਹ ਲੋਕ ਵੀ ਡਿੱਠੇ ਨੇ...
ਜੋ ਨਿਰਮਲ ਪਾਣੀਆਂ ਵਾਂਗ ਵਗਦਿਆਂ ਸਭ ਨੂੰ.....
ਆਪਣੇ ਵਰਗਾ ਕਰ ਲੈਂਦੇ ਨੇ

ਵਗਦੇ ਪਾਣੀਆਂ ਦੀ.....
ਵੱਖਰੀ ਕਹਾਣੀ ਹੁੰਦੀ
ਨਿਰਮਲ ਪਾਣੀਆਂ ਦੀ ......
ਆਪਣੀ ਰਵਾਨੀ ਹੁੰਦੀ
ਵਗਦੇ ਪਾਣੀਆਂ ਦੀ.....
ਕੋਈ ਮੰਜ਼ਿਲ ਨਹੀਂ ਹੁੰਦੀ
ਕੋਈ ਪੜਾਅ ਨਹੀਂ ਹੁੰਦਾ
ਨਾ ਕੋਈ ਹੁੰਦਾ ਟਿਕਾਣਾ
ਬਸ ਤੁਰਦੇ ਜਾਣਾ......
ਤੁਰਦੇ ਜਾਣਾ ।
ਲੰਮੀਆਂ ਵਾਟਾਂ ਕਰਕੇ ਵੀ...
ਉਹ ਸਹਿਜ ਹੁੰਦੇ
ਸੱਚੀਂਓ ਕੁਝ ਲੋਕ ਵੀ.....
ਸੁੱਚੇ ਪਾਣੀਆਂ ਵਰਗੇ ਹੁੰਦੇ
ਸੁੱਚੇ ਪਾਣੀਆਂ ਵਰਗੇ ਹੁੰਦੇ।




## ਇਸ਼ਕ ਕਿਤਾਬਾਂ ਨਾਲ਼

ਤਰ ਜਾਂਦਾ ਹੈ ਆਪ, ਤੇ ਕੁਲ ਵੀ ਤਰ ਜਾਂਦੀ
ਜ਼ਿੰਦਗੀ ਚਾਵਾਂ, ਖੁਸ਼ੀਆਂ ਦੇ ਨਾਲ ਭਰ ਜਾਂਦੀ
ਫਿਰ ਚੱਕਰਾਂ ਵਿੱਚ ਪੈਂਦਾ ਨਹੀਂ ਉਹ 'ਫੀਮ, ਸ਼ਰਾਬਾਂ ਦੇ
ਹੋ ਜਾਵੇ ਜੇ ਇਸ਼ਕ ਬੰਦੇ ਨੂੰ ਨਾਲ ਕਿਤਾਬਾਂ ਦੇ
ਰਾਹ ਤਰੱਕੀ ਦੇ ਓਸ ਲਈ ਆਪੇ ਖੁੱਲ੍ਹ ਜਾਂਦੇ
ਜਾਗ ਪੈਂਦੀ ਹੈ ਕਿਸਮਤ ਤੇ ਝੰਡੇ ਨੇ ਝੁੱਲ ਜਾਂਦੇ
ਚੱਟਣੇ ਪੈਂਦੇ ਪੈਰ ਨਾ ਰੋਜ਼ੀ ਲਈ ਨਵਾਬਾਂ ਦੇ
ਹੋ ਜਾਵੇ ਜੇ ਇਸ਼ਕ ਬੰਦੇ ਨੂੰ ਨਾਲ ਕਿਤਾਬਾਂ ਦੇ
ਇੱਕਲ ਵਿੱਚ ਭੀ ਰਹਿ ਕੇ, ਚਿੱਤ ਪਰਚਾਈ ਰੱਖਦਾ ਹੈ
ਆਪਣੇ ਅੰਦਰ ਦੁਨੀਆਂ ਨਵੀਂ ਵਸਾਈ ਰੱਖਦਾ ਹੈ
ਬਿਨਾਂ ਦੁਆਨੀ ਖਰਚੇ ਝੂਟੇ ਲਵੇ ਜ਼ਹਾਜ਼ਾਂ ਦੇ
ਹੋ ਜਾਵੇ ਜੇ ਇਸ਼ਕ ਬੰਦੇ ਨੂੰ ਨਾਲ ਕਿਤਾਬਾਂ ਦੇ
ਪਿਛਲੱਗ ਬਣ ਕੇ ਭੇਡ ਵਾਂਗ ਨਾ ਕਦੇ ਜਿਉਂਦਾ ਹੈ
ਤਰਕ, ਸਿਆਣਪ ਦੇ ਨਾਲ ਹਰ ਮਸਲਾ ਸੁਲਝਾਉਂਦਾ ਹੈ
ਪਾ ਲੈਂਦਾ ਹੈ ਮੰਜ਼ਿਲ ਦਿਸਦੀ ਜੋ ਵਿੱਚ ਖ਼ਾਬਾਂ ਦੇ
ਹੋ ਜਾਵੇ ਜੇ ਇਸ਼ਕ ਬੰਦੇ ਨੂੰ ਨਾਲ ਕਿਤਾਬਾਂ ਦੇ
ਲਿੰਕਨ ,ਟੈਗੋਰ, ਕਲਾਮ ਜਿਹੇ, ਨਾ ਰੁਤਬਾ ਐਡਾ ਪਾਉਂਦੇ
ਇਸ਼ਕ ਕਿਤਾਬਾਂ ਦੇ ਨਾਲ ਕਰਕੇ, ਜੇ ਨਾ ਤੋੜ ਨਿਭਾਉਂਦੇ
ਨਹੀਂ ਦਰਸ਼ਨ ਸੀ ਹੋਣੇ ਵਣ ਵਿਚ ਖਿੜੇ ਗੁਲਾਬਾਂ ਦੇ
ਹੋ ਜਾਵੇ ਜੇ ਇਸ਼ਕ ਬੰਦੇ ਨੂੰ ਨਾਲ ਕਿਤਾਬਾਂ ਦੇ
ਕਿੰਨੇ ਲੱਖ ਕੋਠੀ ਤੇ ਖਰਚੇ ਰੱਖਿਆ ਕੋਈ ਹਿਸਾਬ ਨਹੀਂ
ਲੇਕਿਨ ਇਸ ਦੇ ਅੰਦਰ ਰੱਖੀ ਸਾਹਿਤ ਦੀ
ਕੋਈ ਕਿਤਾਬ ਨਹੀਂ
ਉਂਝ ਕੁੱਤੇ- ਬਿੱਲੇ ਬੜੇ ਰੱਖੇ ਹੋਏ ਨੇ
ਸਾਹਬਾਂ ਦੇ
ਜੇ ਸੋਚ ਸਿਮਟ ਕੇ ਰਹਿ ਜਾਵੇ ਵਿਚ ਸੂਟ,
ਜ਼ੁਰਾਬਾਂ ਦੇ
ਨਹੀਂ ਹੁੰਦਾ ਫਿਰ ਇਸ਼ਕ ਬੰਦੇ ਨੂੰ ਨਾਲ
ਕਿਤਾਬਾਂ ਦੇ।




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "


TANVEER ART STUDIO
RAJA KALAN 98720 79212
PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING



ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

ਅੰਕ 03

# ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

## ਨਜ਼ਰਾਂ

ਮੇਰੀਆਂ ਨਜ਼ਰਾਂ 'ਚ ਨਜ਼ਰਾਂ ਮਿਲਾਕੇ ਤਾਂ ਵੇਖ,
ਇਸ ਸਮੁੰਦਰ ਦੀਆਂ ਲਹਿਰਾਂ 'ਚ ਆ ਕੇ ਤਾਂ ਵੇਖ।
ਮੇਰੇ ਹੂੰਝਆਂ 'ਚ, ਮੈਨੂੰ ਬਲਦੀ ਤਾਂ ਵੇਖ,
ਬਿਨ ਤੀਲੀ ਤੋਂ ਅੱਗ 'ਚ ਸੜਦੀ ਤਾਂ ਵੇਖ।
ਮੇਰੀਆਂ ਭਿੱਜੀਆਂ ਪਲਕਾਂ, ਗ਼ੌਰ ਨਾਲ ਵੇਖ,
ਗੁਜ਼ਰੇ ਹੋਏ ਦੌਰ ਨਾਲ ਵੇਖ।
ਟਪਕਦੇ ਹੋਏ ਇਨਾਂ ਮੋਤੀਆਂ ਨੂੰ,
ਚੁੱਕ ਕੇ ਸੀਨੇ ਲਾ ਕੇ ਤਾਂ ਵੇਖ।
"ਬਲਜਿੰਦਰ" ਦੀਆਂ ਅੱਖਾਂ ਨੂੰ ਪੜ੍ਹ ਕੇ ਤਾਂ ਵੇਖ,
ਆਏ ਹੜ੍ਹ ਵਿੱਚ ਵੜ੍ਹ ਕੇ ਤਾਂ ਵੇਖ।
ਮੇਰੀਆਂ ਨਜ਼ਰਾਂ 'ਚ ਨਜ਼ਰਾਂ ਮਿਲਾਕੇ ਤਾਂ ਵੇਖ,
ਇਸ ਸਮੁੰਦਰ ਦੀਆਂ ਲਹਿਰਾਂ 'ਚ ਆ ਕੇ ਤਾਂ ਵੇਖ।




## ਚਿੜੀਆਂ

ਘਰਾਂ ਵਿੱਚ ਗਾਉਂਦੀਆਂ ਸਨ ਜੋ
ਉਹ ਕਿਥੇ ਖੋਹ ਗਈਆਂ ਚਿੜੀਆਂ
ਕਿਸ ਜ਼ਾਲਮ ਦੇ ਕਹਿਰਾਂ ਦਾ
ਸ਼ਿਕਾਰ ਹੋ ਗਈਆਂ ਚਿੜੀਆਂ।
ਧੀਆਂ ਨਾਲ ਤੁਲਨਾਅ ਕੇ ਰੱਖਿਆ
ਇਨ੍ਹਾਂ ਨੂੰ ਬੰਦੇ ਨੇ
ਬੋਲਾਂ ਸੋਹਬਤਾਂ ਦੇ ਨਾਲ
ਸਭ ਨੂੰ ਮੋਹ ਗਈਆਂ ਚਿੜੀਆਂ।
ਬੋਟੀ ਕੁ ਹੀ ਜਿੰਦ ਸੀ
ਜੋ ਸੀ ਹਵਾ ਸੰਗ ਝੂਮਦੀ ਰਹਿੰਦੀ
ਮਣਾਂ ਮੂੰਹੀਂ ਉਮਰ ਦਾ ਭਾਰ
ਆ ਕੇ ਢੋਅ ਗਈਆਂ ਚਿੜੀਆਂ।
ਸਾਵੀ ਧਰਤ ਨੂੰ ਆਪਣੀ ਸਮਝ
ਚੁੰਮਿਆ ਸੀ ਜਿਨ੍ਹਾਂ ਨੇ
ਪਲਾਂ ਦੇ ਵਿੱਚ ਹੀ
ਨੀਲੇ ਗਗਨ ਨੂੰ ਛੋਹ ਗਈਆਂ ਚਿੜੀਆਂ।
ਬੰਦੇ ਨੇ ਵਹਾਇਆ ਖੂਨ
ਤਾਂ ਮਿੱਟੀ ਖਫ਼ਾ ਹੋਈ
ਸੁਰਖ਼ ਮਿੱਟੀ ਦੇ ਰੰਗ ਨੂੰ
ਨਾਲ ਹੰਝੂਆਂ ਧੋ ਗਈਆਂ ਚਿੜੀਆਂ।
ਹਾੜ ਆਉਂਦਾ ਤਾਂ ਉਡ ਕੇ
ਲੈ ਕੇ, ਆਉਂਦੀਆਂ ਠੰਢਕ
ਉਨ੍ਹਾਂ ਨਿੱਘ ਵੰਡਣਾ ਸੀ
ਕਿ ਆਇਆ ਪੋਹ, ਗਈਆਂ ਚਿੜੀਆਂ।
ਜਿਉਣਾ ਸਿੱਖ ਲਇਆ ਬੰਦੇ
ਘਰਾਂ ਦੀ ਬਦਲ ਲਈ ਬਣਤਰ
ਛੱਡ ਕੇ ਮੋਹ ਘਰਾਂ ਦਾ
ਉਡ, ਹਜ਼ਾਰਾਂ ਕੋਹ ਗਈਆਂ ਚਿੜੀਆਂ।
ਲਹੂ ਪੀਣੋਂ ਨਹੀਂ ਹਟਦਾ
ਪੁਰਾਣੀ ਭੈੜ ਬੰਦੇ ਦੀ
ਨੀਅਤ ਨੇਕ ਨਹੀਂ ਸੀ
ਭੇਤ ਦੀ ਗੱਲ ਟੋਹ ਗਈਆਂ ਚਿੜੀਆਂ।
ਜ਼ੁਲਮ ਕਰਨਾ ਹੈ ਸ਼ੌਕ ਇਸਦਾ
ਲਹੂ ਪੀਵੇ ਇਹ ਬੰਦੇ ਦਾ
ਨਜ਼ਰਾਂ ਬਦਲ ਗਈਆਂ ਨੂੰ
ਭਲੇ ਹੀ ਟੋਹ ਗਈਆਂ ਚਿੜੀਆਂ।
ਮੁੱਕੀ ਹੈ, ਨਾ ਮੁੱਕਣੀ ਹੈ
ਬੰਦੇ ਦੀ ਭੁੱਖ ਸਦੀਵੀ ਹੈ
ਇਹ ਕਿਹੜੀ ਭੁੱਖ ਸੀ
ਜਿਸਦਾ ਸ਼ਿਕਾਰ ਹੋ ਗਈਆਂ ਚਿੜੀਆਂ।




## ਦੂਰ ਦੁਰਾਡੇ

ਦੂਰ - ਦੁਰਾਡੇ ਹੈ ਘੁੱਪ ਨ੍ਹੇਰਾ
ਮੇਰੇ ਮਨ ਦੁਆਰ 'ਚ
ਪੀੜਾਂ ਦੇ ਬੀਂਡੇ
ਮਨਚਾਹੀ ਬੋਲੀ ਬੋਲਦੇ
ਹੋ ਕੇ ਬੇਖ਼ੌਫ਼
ਹਜੇ ਭੱਲਕੇ ਦੀ ਹੀ
ਤਾਂ ਗੱਲ ਏ
ਚੜਿਆ ਸੀ ਇਕ ਸੂਰਜ
ਦਿਲ ਦੇ ਵਿਹੜੇ
ਪਰ!!
ਨਿਗਲ ਗਿਆ
ਖ਼ਲਕਤੀ ਗ੍ਰਹਿਣ
ਤਦ ਤੋਂ ਹੀ ਹੈ
ਘੁੱਪ ਨ੍ਹੇਰਾ ਮੇਰੇ
ਮਨ ਦੁਆਰ' ਚ
ਸੂਰਜ ਦੀ ਬਦੌਲਤ
ਪੁੰਗਰਿਆ ਇਕ ਬੂਟਾ
ਦਿਲ ਦੀ ਜ਼ਮੀਨ 'ਤੇ
ਪਰ ਕੁਮਲਾ ਰਿਹਾ
ਇਹ ਲਾਚਾਰ ਬੂਟਾ
ਸੱਖਣਾ ਸੂਰਜੀ ਕਿਰਨਾਂ 'ਤੋਂ
ਬੂਟੇ ਦੇ ਬਚਾਅ ਸਦਕਾ
ਕਰ ਰਹੇ ਹਾਂ ਜੱਦੋ-ਜਹਿਦ
ਕਈ ਦੀਪ ਜਲ਼ਾ ਕੇ ਵੇਖੇ
ਤੇਲ਼ ਵਧਿਆ ਤਾਂ
ਗੁਲ ਹੋਏ ਆਖਰ
ਨਾ ਘਾਟ ਪੂਰੀ ਹੋਏ ਸੂਰਜ ਦੀ
ਹਾਏ!
ਫਿਰ ਕਿਵੇਂ ਬਚੇ
ਬਦਨਸੀਬ ਬੂਟਾ
ਘੁੱਪ ਨ੍ਹੇਰੇ ਮੇਰੇ
ਮਨ ਦੁਆਰ 'ਚ
ਮਲੂਕ ਤੇ ਕੂਲਾ ਜਿਹਾ
ਪਰ!!
ਬਦਨਸੀਬੀ ਦੀ ਸਿਉਂਕ
ਖਾਹ ਰਹੀ ਹੈ
ਇਕ - ਇਕ ਜੜ ਨੂੰ
ਕਾਸ਼!
ਕੁੱਝ ਕੁ ਲੰਮੇਰਾ ਹੋ ਸਕਦਾ
ਤਾਂ ਆਪ ਹੀ ਅੱਪੜ ਜਾਂਦਾ
ਸੂਰਜ ਦੇ ਘਰੀਂ
ਤੇ ਪੈ ਜਾਂਦੀਆਂ ਕੁੱਝ ਕਿਰਨਾਂ
ਇਸ ਦੇ ਮਰਦੇ ਤਨ' ਤੇ
ਤਾਂ ਜੀ ਲੈਂਦਾ
ਕੁੱਝ ਕੁ ਲੰਮੇਰੀ ਹੋਰ ਜ਼ਿੰਦਗੀ
ਇਸ ਘੁੱਪ ਨ੍ਹੇਰੇ ਮੇਰੇ
ਮਨ ਦੁਆਰ' ਚ
ਕੀ ਮੇਰਾ ਸੂਰਜ ਕਮਜ਼ੋਰ ਹੈ?
ਜਿਸ ਨੂੰ ਦੁਨਿਆਵੀ
ਗ੍ਰਹਿਣ ਨਿਗਲ ਸਕਦਾ!
ਸੂਰਜ ਤਾਂ ਹੁੰਦਾ ਏ
ਅੱਗ ਦਾ ਗੋਲਾ
ਜੋ ਜਲ਼ਾ ਸਕਦਾ ਹੈ
ਸਭ ਨੂੰ
ਜੋ ਵੀ ਲੁਕਾਉਣਾ ਚਾਹਵੇ
ਉਸ ਨੂੰ
ਤੇ ਫਿਰ ਮੇਰਾ ਸੂਰਜ
ਕਿਉਂ ਹੈ?
ਬੇਵਸ ਤੇ ਮਜ਼ਬੂਰ ਅੱਜ
ਕਿ ਆਪਣੀ ਅਣਖ ਗੁਵਾ ਬੈਠਾ
ਦੁਨੀਆਂ ਸਾਂਹਵੇਂ
ਤੇ ਕੀਤਾ ਹੈ ਉਸ
ਘੁੱਪ ਨ੍ਹੇਰਾ ਮੇਰੇ
ਮਨ ਦੁਆਰ' ਚ
ਜੇ ਸੂਰਜ ਹੈ ਤਾਂ
ਖਾਹ ਜਾਏ
ਦੁਨਿਆਵੀ ਡਰ ਨੂੰ
ਹੋ ਕੇ ਬੇਖ਼ੌਫ਼ ਚਮਕੇ
ਤਾਂ ਫਿਰ ਸੁਰਤ ਕਰੇ
ਮਰਦਾ ਬੂਟਾ
ਤੇ ਖਿਲਰ ਜਾਏ
ਖੇੜੇ ਦੀ ਲੋਅ
ਘੁੱਪ ਨ੍ਹੇਰੇ ਮੇਰੇ
ਮਨ ਦੁਆਰ 'ਚ




## ਇਸ਼ਕ

ਇਸ਼ਕ ਤੇਰੇ ਨਾਲ਼ ਹੋਇਆ, ਹੋਇਆ ਹੀ ਰਹਿਣ ਦੇ
ਸਮਾਂ ਇੱਕ ਥਾਂ ਖਲੋਇਆ, ਖਲੋਇਆ ਹੀ ਰਹਿਣ ਦੇ

ਕਦੇ ਝੱਲਿਆ ਦੇ ਵਾਂਗੂ, ਕਦੇ ਸ਼ਾਇਰਾ ਦੀ ਤਰ੍ਹਾਂ
ਖ਼ਾਬਾਂ ਤੇਰਿਆ ਚ ਖੋਇਆ, ਖੋਇਆ ਹੀ ਰਹਿਣ ਦੇ

ਮੋਢੇ ਰੱਖ ਕੇ ਸਲੀਬ, ਤੁਰਿਆ ਜ਼ਿੰਦਗੀ ਦੇ ਰਾਹ
ਬੋਝ ਉਮਰਾਂ ਦਾ ਢੋਇਆ, ਢੋਇਆ ਹੀ ਰਹਿਣ ਦੇ

ਹੌਕੇ ਹਾਵੇ ਹੰਝੂ ਖਾਰੇ , ਮੇਰੇ ਹਿੱਸੇ ਆਏ ਸਾਰੇ
ਜੋ ਮੇਰੇ ਨਾਲ਼ ਹੋਇਆ, ਹੋਇਆ ਹੀ ਰਹਿਣ ਦੇ

ਰਿਹਾ ਦੋਸਤਾਂ ਦੇ ਨਾਲ਼ , ਖਾ ਕੇ ਪਿੱਠ ਉੱਤੇ ਵਾਰ
ਜਿੱਥੇ ਝੂਠ ਸੱਚ ਹੋਇਆ , ਹੋਇਆ ਹੀ ਰਹਿਣ ਦੇ

ਰਾਤੀਂ ਲੰਘੇ ਘੁੱਪ ਹਨੇਰੇ, ਪੁੱਛੇ ਜੁਗਨੂੰ ਤੋਂ ਰਾਹ
ਚੰਨ ਬੱਦਲਾਂ ਲਕੋਇਆ , ਲਕੋਇਆ ਹੀ ਰਹਿਣ ਦੇ




## ਮੇਲੇ

ਕੰਮ ਕਾਰ ਤੂੰ ਛੱਡ ਦੇ ਸਾਰੇ
ਛੇਤੀ ਛੇਤੀ ਖਿੱਚ ਤਿਆਰੇ
ਆ ਗਏ ਨੇ ਪਲ ਪਿਆਰੇ
ਵੇਖਣ ਮੇਲਾ ਇਕੱਠੇ ਜਾਣਾ, ਜਾਣਾ ਆਪਾਂ ਬੱਲੀਏ,
ਚੱਲ ਮੇਲੇ ਨੂੰ ਚਲੀਏ,ਨੀ ਆਜਾ,ਚੱਲ ਮੇਲੇ ਨੂੰ ਚਲੀਏ
ਮੇਲੇ ਵਿੱਚੋਂ ਤੇਨੂੰ ਵੰਗਾਂ ਚੜਾ ਦਉਂ
ਹਰ ਇੱਕ ਤੇਰੀ ਰੀਝ ਪੁਗਾ ਦਉਂ
ਹੱਥਾਂ ਉੱਤੇ ਮਹਿੰਦੀ ਲਗਾ ਦਉਂ
ਮਿਸ਼ਰੀ ਵਰਗੇ ਬੋਲ ਨੀ ਤੇਰੇ ਸੁਣ ਮਿਸ਼ਰੀ ਦੀਏ ਡਲੀਏ,
ਚੱਲ ਮੇਲੇ ਨੂੰ ਚਲੀਏ,ਨੀ ਆਜਾ ਚਲ,ਮੇਲੇ ਨੂੰ ਚਲੀਏ
ਸਾਡੇ ਉੱਤੇ ਰਹਿਮਤ ਰੱਬ ਦੀ
ਤੇਰੇ ਨਾਲ ਮੈਨੂੰ ਦੁਨੀਆਂ ਫੱਬਦੀ
ਭਾਗਾਂ ਦੇ ਨਾਲ ਇਹ ਖੁਸ਼ੀ ਹੈ ਲੱਭਦੀ
ਕਲੀਆਂ ਵਾਲਾ ਹਾਰ ਪੁਆ ਦਉਂ ਸੁਣ ਬਾਗੇ ਦੀ ਕਲੀਏ,
ਚੱਲ ਮੇਲੇ ਨੂੰ ਚਲੀਏ,ਨੇ ਆਜਾ ਚਲ,ਮੇਲੇ ਨੂੰ ਚਲੀਏ
ਰੀਜਾਂ ਨਾਲ ਮਨਾਉਣਾ ਮੇਲਾ
ਕਈਆਂ ਦੇਖਣ ਆਉਣਾ ਮੇਲਾ
ਨੱਚਣਾ ਟੱਪਣਾ ਗਾਉਣਾ ਮੇਲਾ
ਜਸਵੀਰ ਆਖਦਾ ਕੁੱਲੀਆਂ ਵਾਲਾ ਦਰ ਬਾਬੇ ਦਾ ਮੱਲੀਏ,
ਚੱਲ ਮੇਲੇ ਨੂੰ ਚਲੀਏ ਨੀ,ਆਜਾ,ਚੱਲ ਮੇਲੇ ਨੂੰ ਚਲੀਏ

ਘਰ ਦੇ ਵਿੱਚ ਹੁਣ ਥੋੜ ਕੋਈ ਨਾ
ਲੋੜ ਕਿਸੇ ਦੀ ਹੁਣ ਲੋੜ ਕੋਈ ਨਾ
ਜੋ ਮਿਲਿਆ ਉਹਦਾ ਮੋੜ ਕੋਈ ਨਾ
ਭਲਾ ਵਤਨ ਦਾ ਮੰਗਦੇ ਰਹੀਏ,ਮੰਗਦੇ ਰਹੀਏ ਭਲੀਏ,
ਚੱਲ ਮੇਲੇ ਨੂੰ ਚਲੀਏ,ਨੀ ਆਜਾ ਚੱਲ,ਮੇਲੇ ਨੂੰ ਚਲੀਏ




## ਦਰਦ ਦਾ ਸਰਮਾਇਆ

ਮੈਂ ਦਿਲ ਦੀ ਪੀੜ ਦਾ ਚਿਹਰਾ, ਦਿਖਾ ਵੀ ਨਹੀਂ ਸਕਦਾ,
ਹਾਲੇ ਦਿਲ ਕਿਸੇ ਨੂੰ, ਸੁਣਾ ਵੀ ਨਹੀਂ ਸਕਦਾ।
ਮੇਰੇ ਅੰਦਰ ਕੱਚ ਦੀ ਬਸਤੀ, ਇੱਥੇ ਪੱਥਰਾਂ ਦੀ ਬਾਰਿਸ਼ ਹੈ,
ਮੈਂ ਅਪਣਾ ਕੱਚ ਦਾ ਸ਼ੀਸ਼ਾ, ਬਚਾ ਵੀ ਨਹੀਂ ਸਕਦਾ।
ਮੁਹੱਬਤ ਦੀ ਜਿਹੜੀ ਸ਼ਮ੍ਹਾ, ਮੈਂ ਬਾਲੀ ਸੀ ਕਦੇ ਖ਼ੁਦ ਹੀ,
ਉਸੇ ਬਲਦੀ ਹੋਈ ਸ਼ਮ੍ਹਾ ਨੂੰ, ਬੁਝਾ ਵੀ ਨਹੀਂ ਸਕਦਾ।
ਮੇਰੇ ਹਿੱਸੇ ਦੇ ਸੂਰਜ ਨੇ, ਮੇਰੇ ਹੀ ਪਰ ਜਲਾ ਦਿੱਤੇ,
ਮੈਂ ਹੁਣ ਉਸ ਧੁੱਪ ਦਾ ਸਾਇਆ, ਹਟਾ ਵੀ ਨਹੀਂ ਸਕਦਾ।
ਲਿਖੀ ਹੈ ਵਕਤ ਨੇ ਜੋ, ਇਬਾਰਤ ਮੇਰੇ ਮੱਥੇ,
ਮੈਂ ਉਹ ਅੱਖਰ ਮੇਟ ਕੇ ਖ਼ੁਦ ਨੂੰ, ਜਿਤਾ ਵੀ ਨਹੀਂ ਸਕਦਾ।
ਮੈਂ ਐਸੇ ਮੋੜ 'ਤੇ ਖੜ੍ਹਾ, ਜਿੱਥੇ ਰਾਹ ਵੀ ਨੇ ਸਹਿਮੇ ਹੋਏ,
ਮੈਂ ਵਾਪਸ ਪਰਤ ਕੇ ਪਿੱਛੇ, ਤਾਂ ਜਾ ਵੀ ਨਹੀਂ ਸਕਦਾ।
ਮੇਰੀ ਅਣਖ਼ ਨੇ ਮੇਰੇ 'ਤੇ, ਲਾਈਆਂ ਐਸੀਆਂ ਰੋਕਾਂ,
ਕਿਸੇ ਦੇ ਸਾਹਮਣੇ ਕਾਸਾ, ਮੈਂ ਫੈਲਾ ਵੀ ਨਹੀਂ ਸਕਦਾ।
ਮੇਰੇ ਅੰਦਰ ਦੇ ਸਾਗਰ ਵਿੱਚ, ਮਚੀ ਹਲਚਲ ਜੋ ਹਰਦਮ ਹੈ,
ਮੈਂ ਸ਼ੋਰ ਕਰਦੀਆਂ ਲਹਿਰਾਂ ਨੂੰ, ਦਬਾਅ ਵੀ ਨਹੀਂ ਸਕਦਾ।
ਮਿਲੇ ਜੋ ਜ਼ਖ਼ਮ ਨੇ ਮੈਨੂੰ, ਮੇਰਾ ਹੀ ਨੇ ਸਰਮਾਇਆ,
ਮੈਂ ਅਪਣੀ ਪੀੜ ਦਾ ਰੁਤਬਾ, ਘਟਾ ਵੀ ਨਹੀਂ ਸਕਦਾ।
ਇਹ 'ਖਿੱਚੀ' ਦਾ ਹੀ ਜੇਰਾ ਹੈ, ਜੋ ਪੈਰੀਂ ਛਾਲੇ ਰੱਖਦਾ ਹੈ,
ਮੈਂ ਮੰਜ਼ਿਲ ਦੇ ਬਿਨਾਂ ਇੱਕ ਪਲ, ਬਿਤਾ ਵੀ ਨਹੀਂ ਸਕਦਾ।




## ਸੱਚੀਆਂ ਗੱਲਾਂ

ਗੱਲਾਂ ਇਹ ਨੇ ਸੱਚੀਆਂ ਪਰ ਸਮਝੇ ਕੋਈ ਕੋਈ,
ਕੋਈ ਤੰਗੀਆਂ ਵਿੱਚ ਵੀ ਰਹੇ ਹੱਸਦਾ,
ਕੋਈ ਸਭ ਕੁਝ ਹੁੰਦੇ ਜਾਂਦਾ ਰੋਈ।
ਹਰ ਕੋਈ ਗੱਲ ਹੈ ਉਹਦੀ ਸੁਣਾਵਦਾ,
ਪਰ ਉਹਨੂੰ ਵਿਰਲਾ ਜਾਣੇ ਕੋਈ।
ਉੱਥੇ ਸੱਚ ਹੀ ਸੱਚ ਹੈ ਵਰਤਣਾ,
ਨਾ ਝੂਠ ਨਾ ਸਿਫਾਰਿਸ਼ ਚੱਲੇ ਕੋਈ।
ਉਹ ਵਿੱਚ ਤੇਰੇ ਹੈ ਬੋਲਦਾ,
ਤੂੰ ਮਨ ਦਾ ਬੂਹਾ ਬੈਠਾ ਢੋਈ।
ਕਿਤੇ ਰਾਤ ਨਾ ਪੈ ਜੇ ਸੰਧੂਆ,
ਉਹਨੂੰ ਲੱਭ ਲੈ, ਲੋਈ ਲੋਈ,
ਉਹਨੂੰ ਲੱਭ ਲੈ, ਲੋਈ ਲੋਈ।




## ਇੰਤਜ਼ਾਰ ਤੇਰਾ

ਇਨ੍ਹਾਂ ਅੱਖੀਆਂ ਨੂੰ 'ਇੰਤਜ਼ਾਰ ਤੇਰਾ,
ਹਰ ਪਲ 'ਰਹਿੰਦਾ ਵੇ ਸੱਜਣਾ।
ਕੀ ਹੋਇਆ ? ਚੁੱਪ ਵੱਟ ਬੈਠਾ,
ਨਾ ਕੋਲ ਮੇਰੇ ਤੂੰ 'ਬਹਿੰਦਾ ਵੇ ਸੱਜਣਾ,
ਇਨ੍ਹਾਂ ਅੱਖੀਆਂ ਨੂੰ 'ਇੰਤਜ਼ਾਰ ਤੇਰਾ,
ਹਰ ਪਲ 'ਰਹਿੰਦਾ ਵੇ ਸੱਜਣਾ।
ਉਹ ਕਸਮਾਂ ਵਾਅਦੇ 'ਦੱਸ ਕਿੱਥੇ ਗਏ ?
ਉਹ, ਕਿੱਥੇ ਕੋਲ 'ਕਰਾਰ ਤੇਰੇ।
ਇੰਝ ਲੱਗਦਾ ਮੈਨੂੰ 'ਭੁੱਲ ਗਿਆ ਤੂੰ,
ਜੋ ਕੀਤਾ ਪਿਆਰ ਸੀ 'ਨਾਲ ਮੇਰੇ।
ਪਹਿਲਾਂ 'ਦਿਨ ਭਰ ਗੱਲਾਂ ਕਰਦਾ ਸੀ,
ਹੁਣ ਕਿਉਂ ? 'ਕੁੱਝ ਨਾ ਕਹਿੰਦਾ ਵੇ ਸੱਜਣਾ।
ਇਨ੍ਹਾਂ ਅੱਖੀਆਂ ਨੂੰ 'ਇੰਤਜ਼ਾਰ ਤੇਰਾ,
ਹਰ ਪਲ 'ਰਹਿੰਦਾ ਵੇ ਸੱਜਣਾ।
ਕਈਂ ਸਾਲ ਹੰਢਾਏ 'ਮਿਲ ਦੋਵਾਂ ਨੇ,
ਕਈਂ ਰੁੱਤਾਂ 'ਇਕੱਠੇ ਮਾਣੀਆ ਸੀ।
ਉਹ ਯਾਦ ਕਰ ਰਾਤਾਂ 'ਜਦੋਂ ਜਾਗ-ਜਾਗ,
ਅਸੀ ਪੜ੍ਹੀਆਂ 'ਪ੍ਰੀਤ ਕਹਾਣੀਆਂ ਸੀ।
ਰਾਜੇਸ਼ ਦਾ ਬਣ 'ਜੇ ਰਹਿੰਦਾ ਤੂੰ,
ਨਾ ਹੌਂਸਲਾ ਮੇਰਾ 'ਢਹਿੰਦਾ ਵੀ ਸੱਜਣਾ।
ਇਨ੍ਹਾਂ ਅੱਖੀਆਂ ਨੂੰ ਇੰਤਜ਼ਾਰ ਤੇਰਾ,
ਹਰ ਪਲ 'ਰਹਿੰਦਾ ਵੇ ਸੱਜਣਾ।




## ਮਨ ਮੈਲੇ ਦੀ ਸਾਫ-ਸਫਾਈ

ਆਓ ਸਾਰੇ ਆਪਣੇ ਅੰਦਰ ਮਾਰੀਏ ਝਾਤੀ,
ਕੈਸਾ ਜੀਵਨ ਹੈ ਅਸੀਂ ਬਿਤਾਇਆ।
ਕੀ ਕੁੱਝ ਚੰਗਾ-ਮਾੜਾ ਅਸੀਂ ਹੈ ਕੀਤਾ,
ਕਿੰਨਾ ਕੁ ਤਰਥੱਲ ਹੈ ਅਸੀਂ ਮਚਾਇਆ।
ਕਿੰਨੀ ਹੱਥੀਂ ਮਿਹਨਤ-ਮੁਸ਼ੱਕਤ ਹੈ ਕੀਤੀ,
ਕਿੰਨਾ ਖਾਧਾ ਹੈ ਅਸੀਂ ਹੱਕ ਪਰਾਇਆ।
ਕਿੰਨਿਆਂ ਦੇ ਕਲੇਜੇ ਅਸੀਂ ਠੰਢ ਹੈ ਪਾਈ,
ਕਿੰਨਿਆਂ ਦਾ ਦਿਲ ਹੈ ਅਸੀਂ ਦੁਖਾਇਆ।
ਸਬਰ-ਸੰਤੋਖ ਨਾਲ ਕਿੰਨਾ ਜੀਵਨ ਕੱਟਿਆ,
ਕਿੰਨਾ ਲੋਭ-ਲਾਲਚ ਹੈ ਅਸੀਂ ਵਧਾਇਆ।
ਦੁਖੀਆਂ ਲਈ ਕਿੰਨਾ ਦਰਦ ਹੈ ਸਾਡੇ ਪੱਲੇ,
ਮਲਿਕ-ਭਾਗੋਆਂ ਦੇ ਘਰ ਕਿੰਨਾ ਭੰਗੜਾ ਪਾਇਆ।
ਕਿੰਨੀ ਈਰਖਾ-ਨਫਰਤ ਮਨ ਮੈਲੇ ਵਿੱਚ ਹੈ ਰੱਖੀ,
ਸਾੜੇ ਨਾਲ਼ ਕਿੰਨਾ ਹੈ ਕੋਈ ਪੁਆੜਾ ਪਾਇਆ।
ਰਿਸ਼ਤੇ-ਨਾਤਿਆਂ ਵਿੱਚ ਕਿੰਨੀ ਅਪੱਣਤ ਹੈ ਰੱਖੀ,
ਤਾਹਨੇ-ਮਿਹਣੇ ਮਾਰ ਕਿੰਨਾ ਹੈ ਕੋਈ ਤੜਫਾਇਆ।
ਕਿੰਨਾ ਉਸ ਸਿਰਜਣਹਾਰ ਨੂੰ ਯਾਦ ਹੈ ਰੱਖਿਆ,
ਕਿੰਨਾ ਹਉਮੈਂ ਦੀਰਘ ਰੋਗ ਹੈ ਅਸੀਂ ਲਗਾਇਆ।
ਆਓ!ਆਪਣੇ ਮਨ ਮੈਲੇ ਦੀ ਕਰੀਏ ਸਾਫ-ਸਫਾਈ,
ਜਿਸ ਨੇ ਜੀਵਨ ਸਾਡਾ ਹੈ ਕੁਰਾਹੇ ਪਾਇਆ।




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

PARVEEN STUDIO
DASUYA 98550 52298
pre wedding shoot, marriage , parties, all events,
live , mug printing, T-shirt printing etc.
PARVEEN MANGAT PHOTOGRAPHY
M-9855052298

ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

ਅੰਕ 03

# ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

## ਪੰਜਾਬ ਹਾਂ

ਗੱਲ ਆਪਣੀ ਬੋਲੀ ਵਿੱਚ ਕਹਿਣ ਦਿਓ।
ਮੈਨੂੰ ਆਪਣੇ ਮੌਜ ਵਿਚ ਵਹਿਣ ਦਿਓ ।
ਮੈਂ ਪੰਜਾਬ ਹਾਂ, ਮੈਨੂੰ ਤਾਂ ਪੰਜਾਬ ਹੀ ਰਹਿਣ ਦਿਓ ।
ਰੱਖ ਕੇ ਕੇਸ ਮੈਂ ਟੋਪੀ ਨਈਂ ਪਾਉਣੀ ਚਾਹੁੰਦਾ ,
ਹੱਥ ਅਸਲਾ ਨਾ ਦੇਵੋ ਕਲਮ ਚਲਾਉਣੀ ਚਾਹੁੰਦਾ ,
ਭੇਦ-ਭਾਵ ਦੀਆਂ ਸਾਰੀਆਂ ਕੰਧਾਂ ਢਹਿਣ ਦਿਓ ।
ਮੇਰੀ ਮਿੱਟੀ ਦਾ ਖ਼ਾਸਾ ਹੈ ਸਾਂਝਾਂ ਵੰਡਣ ਦਾ,
ਚਲਦਾ ਹੈ ਪ੍ਰਵਾਹ ਇਥੇ ਹੀ ਟੁੱਟੀ ਗੰਢਣ ਦਾ,
ਗੁਰਾਂ ਦੀ ਸੋਚ ਦੇ ਰਸਤੇ ਉੱਤੇ ਪਲ-ਪਲ ਪੈਣ ਦਿਓ ।
ਗੁਰਾਂ ਦੇ ਨਾਂ ਤੇ ਵੱਸਦਾ ਹਾਂ ਵੱਸਦਾ ਹੀ ਰਹਿਣਾ,
ਗੁਰੂ ਦੀ ਨਗਰੀ ਅੰਮ੍ਰਿਤਸਰ ਸ਼ਾਨ ਮੇਰੀ ਦਾ ਗਹਿਣਾ,
ਇਕ ਓਅੰਕਾਰ ਤੇ ਜਪੁਜੀ ਸਾਹਿਬ ਮੈਨੂੰ ਜਪ ਲੈਣ ਦਿਓ।
ਮੇਰੇ ਵਰਗੀ ਬਣ ਜਾਏ ਦਿੱਲੀ ਮੈਂ ਦਿੱਲੀ ਨਈਂ ਬਣਨਾ,
ਸ਼ੇਰ ਹਾਂ, ਸ਼ੇਰ ਹੀ ਰਹਿਣਾ, ਮੈਂ ਬਿੱਲੀ ਨਈਂ ਬਣਨਾ,
ਚੜ੍ਹ-ਚੜ੍ਹ ਆਉਣ ਵੰਗਾਰਾਂ ਦੇ ਨਾਲ ਮੈਨੂੰ ਖਹਿਣ ਦਿਓ।
ਮੈਂ ਪੰਜਾਬ ਹਾਂ, ਮੈਨੂੰ ਤਾਂ ਪੰਜਾਬ ਹੀ ਰਹਿਣ ਦਿਓ ।




## ਮੁਆਫ਼ੀਨਾਮਾ

ਸੁਪਨੇ ਤੇਰੇ ਪੂਰੇ ਮੈਂ ਕਰ ਨਹੀਂ ਸਕਿਆ,
ਆਸਾਂ ਤੇਰੀਆਂ 'ਤੇ ਪੂਰਾ ਉੱਤਰ ਨਹੀਂ ਸਕਿਆ,
ਪੁੱਤ ਤੇਰਾ ਮਾਏ ਬੇਕਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।
ਆਪਣੀਆਂ ਨਜ਼ਰਾਂ ਵਿੱਚ ਹੀ ਗਿਰਿਆ ਹਾਂ,
ਆਪਣੇ ਆਪ ਵਿੱਚ ਖ਼ੁਦ ਤੋਂ ਹੀ ਹਰਿਆ ਹਾਂ,
ਖ਼ੁਦ 'ਤੇ ਆਪਣੇ ਜ਼ਮੀਰ ਵਲੋਂ ਪੈਂਦੀ ਦੁਰਕਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।
ਖ਼ੁਦ ਮਾਏ ਭੁੱਖੀ ਰਹਿ ਕੇ ਮੈਨੂੰ ਪਾਲ਼ਿਆ ਤੂੰ,
ਲੱਖ ਮੁਸੀਬਤਾਂ ਵਿੱਚ ਮੈਨੂੰ ਸੰਭਾਲਿਆ ਤੂੰ,
ਮੁੱਲ ਪਾ ਨਹੀਂ ਸਕਿਆ ਤੇਰੀਆਂ ਕੁਰਬਾਨੀਆਂ ਦਾ,
ਤੇਰਾ ਗੁਨਾਹਗਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।
ਮਿਹਨਤ ਕਰਨੀ, ਵਫ਼ਾ ਕਰਨੀ, ਗੱਲ ਜ਼ਰਨੀ ਤੂੰ ਸਿਖਾਈ,
ਧੰਨ ਦੌਲਤ, ਕਾਮਯਾਬੀ ਸਭ ਕੁਝ ਹਾਸਿਲ ਕਰਕੇ ਵੀ,
ਆਪਣੀਆਂ ਨਲਾਇਕੀਆਂ ਹੱਥੋਂ ਹੋਈ ਹਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।
ਮੈਂ ਸੁਣਿਆ ਸੀ ਪੈਸਾ-ਧੇਲਾ, ਸ਼ੌਹਰਤਾਂ,ਨਾਮ, ਮਰਤਬੇ,
ਇਨ੍ਹਾਂ ਨਾਲ ਹੀ ਦੁਨੀਆਂ 'ਤੇ ਸੱਖ-ਸ਼ਾਂਤੀ ਸਕੂਨ ਮਿਲਦਾ ਏ,
ਇਹ ਸਭ ਹਾਸਿਲ ਕਰਕੇ ਤੇਰੇ ਬਾਝੋਂ ਕਿੰਨਾ ਲਾਚਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।
ਜੈਲੀ ਆਖੇ ਹਰ ਸਜ਼ਾ ਮਨਜ਼ੂਰ ਹੈ ਮੈਨੂੰ ਮੈਥੋਂ ਰੁੱਸ ਨਾ ਤੂੰ,
ਮੈਨੂੰ ਹਿੱਕ ਨਾਲ ਲਾ ਕੇ ਰੱਖ ਮੈਨੂੰ ਛੱਡ ਕੇ ਨਾ ਜਾਵੀਂ ਤੂੰ,
ਤੇਰੀ ਹਰ ਸਜ਼ਾ ਕਰਦਾ ਸਵੀਕਾਰ ਹਾਂ ਮੈਂ,
ਮਾਂ ਮੈਨੂੰ ਮਾਫ਼ ਕਰੀਂ।





## ਚਿੜੀ ਪ੍ਰਾਹੁਣੀ

ਇੱਕ ਦਿਨ
ਭੁੱਖੀ ਪਿਆਸੀ ਉੱਡ ਕੇ
ਬਣ ਪ੍ਰਾਹੁਣੀ
ਚਿੜੀ ਵਿਚਾਰੀ
ਸਾਡੇ ਘਰ ਨੂੰ ਆਈ।
ਕਹਿ ਕੇ "ਜੀ ਆਇਆ"
ਮੈਂ ਉਸ ਨੂੰ ਪਾਣੀ ਪੁੱਛਿਆ
ਤਾਂ ਉਹ ਕਹਿੰਦੀ,
"ਗੰਦਾ ਪਾਣੀ ਟੂਟੀ ਵਾਲਾ,
ਫਿਲਟਰ ਵਾਲਾ, ਮੈਂ ਨਈਂ ਪੀਣਾ।"
"ਚਾਹ" ਪੁੱਛੀ ਤਾਂ ਆਖਣ ਲੱਗੀ,
"ਖੰਡ ਮਿੱਠੇ ਨਾਲ ਸ਼ੂਗਰ ਹੁੰਦੀ,
ਮੈਂ ਨਈਂ ਪੀਣੀ!"
ਮੈਂ ਕਿਹਾ,
"ਏ.ਸੀ ਕਮਰੇ ਸੌਂ ਜਾ।"
ਗੁੱਸੇ ਦੇ ਵਿੱਚ ਆ ਕੇ ਬੋਲੀ,
"ਮੈਂ ਨਹੀਂ ਕੋਈ ਰੋਗ ਲਗਾਉਣਾ,
ਚੰਗਾ ਰੁੱਖਾਂ ਉੱਤੇ ਸੌਣਾ।
ਤੁਹਾਨੂੰ ਪੈਣਾਂ ਰੁੱਖ ਲਗਾਉਣਾ,
ਮੈਂ ਆਲ੍ਹਣਾ ਜਿਸ 'ਤੇ ਪਾਉਣਾ।
ਘਰ ਤੁਹਾਡੇ ਰੁੱਖ ਨਾ ਪਾਣੀ,
ਧੇਲਾ ਮੇਰੀ ਕਦਰ ਨਾ ਜਾਣੀ?"
ਮੈਂ ਫਿਰ ਇੱਕ ਰੁੱਖ ਲਗਾਇਆ,
ਚਿੜੀ ਆਲ੍ਹਣਾ ਉਸ 'ਤੇ ਪਾਇਆ,
ਇਕ ਭਾਂਡੇ ਵਿੱਚ ਪਾਣੀ ਪਾਇਆ,
ਚੁੰਝ ਭਰ ਕੇ ਉਸ ਪਾਣੀ ਪੀਤਾ,
ਚਿੜੀ ਰਾਣੀ ਨੂੰ ਮਸਾਂ ਮਨਾਇਆ।




## ਗਰਮੀ ਦਾ ਕਹਿਰ

ਕਹਿਰਾਂ ਦੀ ਤਪਸ਼ ਸਹਿ ਸਹਿ ਕੇ ਕੰਬੀ ਕੁੱਲ ਲੋਕਾਈ।
ਲਹਿੰਦੇ ਵਲੋਂ ਉੱਠੀ ਬੱਦਲੀ, ਉਸਨੇ ਕੁੱਝ ਆਸ ਬਝਾਈ।
ਲੋਕੀਂ ਆਖਣ ਸ਼ੁਕਰ ਹੈ ਰੱਬਾ ਤੇਰਾ ਠੰਢੀ 'ਵਾ ਹੈ ਆਈ।
ਹਰ ਚਿਹਰੇ 'ਤੇ ਮੌਲ਼ੀ ਖੁਸ਼ੀ,
ਚੱਲੀ ਜਦੋਂ ਪੁਰਵਾਈ।
ਨਿੱਕੀ ਜਿਹੀ ਬੱਦਲੀ ਉੱਠੀ ਕਿਸੇ ਗੁੱਠੋਂ,
ਉਹਨੇ ਸ਼ਰ ਸ਼ਰ ਛਹਿਬਰ ਲਾਈ।
ਇੰਦਰ ਗੱਜਿਆ ਵਿੱਚ ਅੰਬਰੀਂ ਉਹਨੇ ਸਾਰੀ ਧਰਤ ਨੁਹਾਈ।
ਹਰ ਫੁੱਲ ਦਾ ਚਿਹਰਾ ਟਹਿਕਿਆ,
ਹਰ ਉਦਾਸ ਕਲ਼ੀ ਮੁਸਕਾਈ।
ਪਲ਼ਾਂ ਛਿੰਨਾਂ 'ਚ ਵਿੱਚ ਆਕਾਸ਼ੀਂ
ਰਾਤ ਪੈ ਗਈ ਕਾਲੀ।
ਮਾਲ ਡੰਗਰ ਲੈ ਘਰ ਵੱਲ ਧਾਏ ਸਾਰੇ ਹਾਲੀ ਪਾਲੀ।
ਸੁਆਣੀਆਂ ਲੱਕੜੀਆਂ ਪਾਥੀਆਂ ਸਾਂਭੀਆਂ।
ਅੰਦਰੀਂ ਚੁੱਲੇ ਬਾਲੇ।
ਗਲੀਆਂ ਬਜ਼ਾਰਾਂ ਦੇ ਪਾਣੀ ਰਾਹੀਆਂ ਨੇ ਹੰਘਾਲੇ।
ਇਹੋ ਜਿਹੀ ਤਪਸ਼ ਤੋਂ ਉਹ ਦਾਤਾ ਹੀ ਨਿਜਾਤ ਦਿਵਾਏ।
ਜਦ ਵੀ ਵੇਖੇ ਦੁੱਖੀ ਰੱਬ ਆਪਣੀ ਖਲ਼ਕਤ।
ਉਹ ਦਾਤਾ ਮਾਲਕ ਸਭ ਦਾ ਸਭ ਨੂੰ ਠੰਢਕ ਪਾਏ।




## ਸਹਿਕਦਾ ਗੁਲਾਬ

ਇੱਕ ਗੁਲਾਬ ਪਿਆ ਸਹਿਕਦਾ
ਜੀਹਦੀ ਪੱਤੀ-ਪੱਤੀ ਚੀਰ
ਜੀਹਦੇ ਆਥੋਂ ਪਾਣੀ ਸੁੱਕ ਗਿਆ
ਜੀਹਦਾ ਮਰਨ ਕਿਨਾਰੇ ਧੀਰ
ਜੀਹਦੇ ਕੰਡੇ ਖੁੰਡੇ ਵਿਲਕਦੇ
ਜੀਹਦੀ ਖੰਡਿਤ ਵਲਗਣ ਵਾੜ
ਜੀਹਦੀ ਟਾਹਣੀ ਟਾਹਣੀ ਕਲਪਦੀ
ਮੁੱਢ ਨੀਂਹੀਂ ਪੈ ਗਿਆ ਸਾੜ
ਜੀਹਦਾ ਦਰਦ ਨਾ ਸਕਿਆਂ -ਸੋਧਰਾਂ
ਜੀਹਦੀ ਲਵੇ ਨਾ ਮਾਲੀ ਸਾਰ
ਤੇ ਟਾਹਣੋ ਵੱਢਿਆ - ਟੁੱਕਿਆ
ਨਾਹੀਂ ਡਾਲੀਆਂ ਝੱਲਣ ਭਾਰ
ਜੀਹਦੀ ਕੁੱਖ ਘਰੂੰਡ ਵਲੂੰਧਰੀ
ਤੇ ਖੁਰਚ ਝਰੀਟਿਆ ਤਨ
ਕਿੰਝ ਮੁੜ ਪੁਰ ਹਰਿਆ ਹੋਵਣਾ
ਬੁੱਝਿਆ ਅੰਗੂਰੀ ਮਨ?
ਕਦੇ ਫੁੱਲ- ਫੁੱਲ ਮਹਿਕਾਂ ਵੰਡਦਾ
ਕਦੇ ਟਾਹਣ -ਟਾਹਣ ਸੀ ਜ਼ੋਰ
ਅੱਜ ਖੋਖਲਾ ਉੱਡ - ਪੁੱਡ ਖਿੰਡ ਰਿਹਾ
ਜਿਵੇਂ ਮਾਰੂਥਲ ਦਾ ਥੋਹਰ
ਕੋਈ ਵੈਦ ਨਾ ਦਾਰੂ ਰੋਗ ਦਾ
ਜਿਹੜਾ ਹੱਡੀਂ ਬੈਠਾ ਆ
ਕੋਈ ਵਲੀ ਫ਼ਕੀਰ ਕੋਈ ਔਲਿਆ
ਕੋਈ ਵਾਰਸ ਕਰੋ ਦੁਆ
ਕੋਈ ਦੋਖੀ ਤੱਕਲਾ ਸੇਹ ਦਾ
ਇਹਦੀ ਛਾਤੀ ਗੱਡ ਗਿਆ
ਇਹ ਘਰ ਕਲੇਸ਼ ਪਿਆ ਨਿੱਤ ਦਾ
ਰੱਤ ਨੈਣੋ ਚੋਣ ਡਿਆ
ਕੋਈ ਪੁੰਗਰੇ ਆਸ ਉਮੀਦ ਦੀ
ਕੋਈ ਕਰ ਹੀਲਾ , ਲਾ ਵਾਹ
ਇਹਦਾ ਦਿਨ ਦਿਨ ਹੁੰਦਾ ਜਾਂਵਦਾਂ
ਰੰਗ ਕਾਲਾ ਭੂਕ ਸੁਆਹ
ਇਹਦਾ ਕੀਕਣ ਕਰਜ਼ਾ ਮੋੜ੍ਹਨਾ
ਇਹ ਕੇਹਾ ਆਇਆ ਪੜ੍ਹਾਅ
ਕੋਈ ਜੁਗਤ ਬਣਾਓ ਜੁਗਤਿਓ
ਨਬਜ਼ ਉੱਖੜ੍ਹੇ ਥਿੜਕਣ ਸਾਹ
ਕਰਾਂ ਅਰਜ਼ਾਂ ਸੱਜਰੀ ਰਿਸ਼ਮ ਨੂੰ
ਕੋਈ ਨਵਾਂ ਤੂੰ ਰੰਗ ਚੜ੍ਹਾ
ਹੁਣ ਤੂੰਹੀਓਂ ਮਿਰਚਾਂ ਵਾਰ ਨੀਂ
ਤੇ ਤੂੰਹੀਓਂ ਚੁੱਲ੍ਹੇ ਪਾ




ਕਾਹਤੋਂ ਰੁਸ ਰੁਸ ਬਹਿਨਾ
ਸਾਥੋਂ ਵੱਖ ਵੱਖ ਰਹਿਨਾ
ਖ਼ਤਾ ਬੋਲਕੇ ਤੂੰ ਸਾਡੀ ਅੱਜ ਦੱਸ ਸੋਹਣਿਆਂ
ਵੇ ਤੂੰ ਪਹਿਲਾਂ ਵਾਂਗੂ ਸਾਡੇ ਨਾਲ ਹੱਸ ਸੋਹਣਿਆਂ

ਤੇਨੂੰ ਰੱਜ ਰੱਜ ਤੱਕਣੇ ਨੂੰ ਮੰਨ ਤਰਸੇ
ਬੋਲ ਤੇਰੇ ਸੁਣਨੇ ਨੂੰ ਕੰਨ ਤਰਸੇ
ਕਾਹਤੋਂ ਗੁੱਸੇ ਨਾਲ ਮੱਥਾ ਲੈਨਾਂ ਕੱਸ ਸੋਹਣਿਆਂ
ਵੇ ਤੂੰ ਪਹਿਲਾਂ ਵਾਂਗੂ ਸਾਡੇ ਨਾਲ ਹੱਸ ਸੋਹਣਿਆਂ

ਕਾਹਣੋਂ ਗੁੱਸੇ ਦੀ ਲਿਆਂਦੀ ਹਨੇਰੀ ਚੰਨ ਵੇ
ਗ਼ਲਤੀ ਤਾਂ ਦੱਸ ਸਾਡੀ ਕਿਹੜੀ ਚੰਨ ਵੇ
ਚੰਗੇ ਭਾਂਵੇਂ ਮਾੜੇ ਪੈ ਗਏ ਤੇਰੇ ਵੱਸ ਸੋਹਣਿਆਂ
ਵੇ ਤੂੰ ਪਹਿਲਾਂ ਵਾਂਗੂ ਸਾਡੇ ਨਾਲ ਹੱਸ ਸੋਹਣਿਆਂ

ਮੇਰਾ ਤੇਰੇ ਨਾਲ ਵਸਦਾ ਜਹਾਨ ਜਸਵੀਰ ਵੇ
ਤੇਰੇ ਨਾਂਵੇਂ ਲਾਏ ਮੈਂ ਪਰਾਣ ਜਸਵੀਰ ਵੇ
ਭਾਵੇਂ ਸੱਪ ਬਣ ਸਾਨੂੰ ਅੱਜ ਡੱਸ ਸੋਹਣਿਆਂ
ਵੇ ਤੂੰ ਪਹਿਲੇ ਵਾਂਗੂ ਸਾਡੇ ਨਾਲ ਹੱਸ ਸੋਹਣਿਆਂ





## ਮਾਨਸਿਕ ਰੋਗਾਂ ਤੋਂ ਮੁਕਤੀ ਪਾਈਏ

ਦਿਲਾਂ ਨੂੰ ਦਿਲਾਂ ਦੀ ਰਾਹ ਵਿਖਾਈਏ,
ਮਾਨਸਿਕ ਰੋਗਾਂ ਤੋਂ ਮੁਕਤੀ ਪਾਈਏ।

ਆਉ ਦਿਲਾਂ ਨੂੰ ਦਿਲਾਂ ਦੀ ਰਾਹ ਵਿਖਾਈਏ
ਮਾਨਸਿਕ ਰੋਗਾਂ ਤੋਂ ਮੁਕਤੀ ਪਾਈਏ।
ਸਦੀਆਂ ਤੋਂ ਮਾਨਸਿਕ ਘੁਟਨ 'ਚ ਆਂ,
ਸਮਝ 'ਚ ਹੋ ਕੇ ਵੀ ਨਾ ਸਮਝੀ ਦੀ
ਜਿਸਮਾਨੀ ਪੀੜ 'ਚ ਆਂ,
ਦਵਾ ਦਾਰੂਆਂ ਦੇ ਹੜ੍ਹ 'ਚ ਵਹਿੰਦੇ ਜਾ ਰਹੇ ਆਂ,
ਰੱਬ ਭਲਾ ਕਰੇ! ਆਪੇ ਤੋਂ ਦੂਰ ਹੁੰਦੇ ਜਾ ਰਹੇ ਆਂ,
ਕੋਈ ਧਿਆਨ ਯੋਗ ਦਾ ਪਾਠ ਪੜ੍ਹਾਈਏ,
ਆਉ ਦਿਲਾਂ ਨੂੰ ਦਿਲਾਂ ਦੀ ਰਾਹ ਵਿਖਾਈਏ,
ਮਾਨਸਿਕ ਰੋਗਾਂ ਤੋਂ ਮੁਕਤੀ ਪਾਈਏ।
ਹਾਸਿਆਂ ਠੱਠਿਆਂ ਦੀਆਂ ਢਾਣੀਆਂ ਦਾ ਉਹ ਦੌਰ ਸੀ,
ਯਾਰਾਂ ਬੇਲੀਆਂ ਨਾਲ ਤਾਸ਼ ਦੀਆਂ ਬਾਜ਼ੀਆਂ ਦਾ ਦੌਰ ਸੀ,
ਹਾਸਿਆਂ 'ਚੋਂ ਉਹ ਗੁਆਚ ਗਿਆ ਜਿਹੜਾ ਅੱਲ੍ਹੜ ਉਮਰੇ ਮਖੌਲ ਸੀ,
ਇਸ ਅੱਧ ਪੱਚਧੀ ਜ਼ਿੰਦਗੀ 'ਚ
ਆਉ! ਪਿਆਰ ਦੀ ਕੋਈ ਪੀਂਘ ਪਾਈਏ,
ਦਿਲਾਂ ਨੂੰ ਦਿਲਾਂ ਦੀ ਕੋਈ ਰਾਹ ਵਿਖਾਈਏ,
ਮਾਨਸਿਕ ਰੋਗਾਂ ਤੋਂ ਮੁਕਤੀ ਪਾਈਏ।
ਅੱਜ 'ਕਵੀ ਮੀਸ਼ਾ' ਦੀ ਯਾਦ ਆਉਂਦੀ ਆ,
ਜਿਹੜਾ ਉੱਚੇ ਚੜ੍ਹ ਚੀਕ ਬੁਲਬੁਲੀ ਦਾ ਹੋਕਾ ਭਰ ਗਿਆ ਸੀ,
ਆਉ ਮੀਸ਼ਾ ਦੀ ਚੀਕ ਬੁਲਬੁਲੀ ਦੇ ਬੁਲਬੁਲੇ ਬਣਾ,
ਹਾਸਿਆਂ 'ਚ ਉਡਾਈਏ,






## ਬੇਬਾਕ ਨਫ਼ਰਤ

ਬੇਬਾਕ ਨਫਰਤ ਨਾ ਕਰਿਆ ਕਰ
ਥੋੜਾ ਤਾਂ ਰੱਬ ਤੋਂ ਡਰਿਆ ਕਰ ।
ਬੂੰਦ ਬੂੰਦ ਤੋਂ ਸਾਗਰ ਬਣਦਾ
ਸਿੱਪ ਦਾ ਮੋਤੀ ਬਣਿਆ ਕਰ।
ਧੰਨ ਦੌਲਤ ਤੋਂ ਲਾਚਾਰ ਨਾ ਹੋਕੇ
ਦੁੱਖ ਜ਼ਿੰਦਗੀ ਦਾ ਜ਼ਰਿਆ ਕਰ।
ਨਾਲ ਮੁਸ਼ੱਕਤ ਮਿਹਨਤ ਕਰਕੇ
ਜ਼ਿੰਦਗੀ ਦਾ ਪੱਲਾਂ ਫੜਿਆ ਕਰ।
ਨਾਇਕ ਹੀ ਬਣ ਕੇ ਜ਼ਿੰਦਗੀ ਜੀ ਲੈ ਬਣ
ਖ਼ਲਨਾਇਕ ਨਾ ਛੜਿਆ ਕਰ।
ਕਰ ਦੁਆਵਾਂ ਸਭ ਲਈ ਮਿਲ ਕੇ
ਨਾਲ ਝੂਠ ਦੇ ਨਾ ਖੜਿਆਂ ਕਰ।
ਸੱਚ ਲਈ ਸੂਲ਼ੀ ਚੜਨਾ ਸਿੱਖ ਲੈ
'ਅਮਰ' ਨਾ ਝੂਠਾ ਅੜਿਆਂ ਕਰ।




## ਸੱਚੇ ਨੂੰ ਸੱਚਾ ਝੂਠੇ ਨੂੰ ਝੂਠਾ

ਠੀਕ-ਠਾਕ ਹੁੰਦਿਆਂ ਵੀ, ਅੱਖ ਠੀਕ ਤਰਾਂ ਵੇਂਹਦੀ ਕਿਉਂ ਨਹੀਂ।
ਸੱਚੇ ਨੂੰ ਸੱਚਾ, ਝੂਠੇ ਨੂੰ ਝੂਠਾ,ਦੁਨੀਆਂ ਮੂੰਹ ਤੇ ਕਹਿੰਦੀ ਕਿਉਂ ਨਹੀਂ।
ਅੰਦਰੋਂ ਹੋਰ ਤੇ ਬਾਹਰੋਂ ਹੋਰ, ਸਾਧ ਦੇ ਭੇਸ 'ਚ ਬੈਠੇ ਚੋਰ,
ਦੋਹੀਂ ਹੱਥੀਂ ਲੁੱਟ ਜੋ ਕਰਦੇ, ਗਲ਼ ਵਿੱਚ ਫਾਂਸੀ ਪੈਂਦੀ ਕਿਉਂ ਨਹੀਂ।
ਮੈਂ ਵੀ ਆਖਾਂ,ਉਹ ਵੀ ਆਖੇ, ਬੱਕਰੇ ਬੈਠੇ ਬੋਹਲ ਦੇ ਰਾਖੇ,
ਮੈਲ਼ ਸੋਚ ਤੇ ਲੱਗੀ ਜਿਹੜੀ,ਧੁਪ ਧੁਪ ਕੇ ਏਹ ਲਹਿੰਦੀ ਕਿਉਂ ਨਹੀਂ।
ਐਧਰ ਬਾਬਾ, ਓਧਰ ਬਾਬਾ,ਜਿਧਰ ਵੇਖਿਆ ਭਾਰਾ ਛਾਬਾ,
ਓਧਰ ਨੂੰ ਹੀ ਦੌੜ ਜਾਂਦੀ,ਦੁਨੀਆਂ ਟਿਕ ਕੇ ਬਹਿੰਦੀ ਕਿਉਂ ਨਹੀਂ।
ਦਿਨ ਦੀਵੀਂ ਨੇ ਕਤਲ ਹੋ ਰਹੇ, ਲੱਖਾਂ ਲੋਕ ਨੇ ਭੁੱਖੇ ਸੌਂ ਰਹੇ,
ਮਾਰਧਾੜ ਹੈ ਚਾਰੇ ਪਾਸੇ, ਕੰਧ ਕੂੜ ਦੀ ਢਹਿੰਦੀ ਕਿਉਂ ਨਹੀਂ।
ਗਰੀਬ ਹੋਰ ਗਰੀਬ ਹੋ ਗਿਆ,ਮੌਤ ਦੇ ਬਹੁਤ ਕਰੀਬ ਹੋ ਗਿਆ,
ਸਭ ਲੋਕਾਂ ਦੇ ਹੱਥਾਂ ਉੱਤੇ, ਇੱਕੋ ਰੰਗ ਦੀ ਮਹਿੰਦੀ ਕਿਉਂ ਨਹੀਂ।
ਜਿਸਦਾ ਰੋਜ਼ ਹੀ ਸਿਮਰਨ ਕਰਦਾ,ਉਸ ਤੋਂ ਵੀ ਭੋਰਾ ਨਹੀਂ ਡਰਦਾ
ਮਾਲ ਪਰਾਇਆ ਖਾ ਖਾ ਕੇ ਵੀ,ਪੀੜ ਢਿੱਡਾਂ ਵਿੱਚ ਪੈਂਦੀ ਕਿਉਂ ਨਹੀਂ।
ਠੀਕ-ਠਾਕ ਹੁੰਦਿਆਂ ਵੀ, ਅੱਖ ਠੀਕ ਤਰਾਂ ਵੇਂਹਦੀ ਕਿਉਂ ਨਹੀਂ।
ਸੱਚੇ ਨੂੰ ਸੱਚਾ ਝੂਠੇ ਨੂੰ ਝੂਠਾ ਦੁਨੀਆਂ ਮੂੰਹ ਤੇ ਕਹਿੰਦੀ ਕਿਉਂ ਨਹੀਂ।




" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

PARVEEN STUDIO
DASUYA 98550 52298
pre wedding shoot, marriage , parties, all events,
live , mug printing, T-shirt printing etc.
PARVEEN MANGAT PHOTOGRAPHY
M-9855052298

ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212

ਅੰਕ 03

# ਅਦਬੀ ਵਿਰਾਸਤ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।

ਤੈਨੂੰ ਹਰਫ਼ ਘੜ-ਘੜ ਦਿੱਤੇ ਜਾਣਗੇ,
ਸਵਾਲਾਂ ਤੋਂ ਪਹਿਲਾਂ ਜਵਾਬ ਦਿੱਤੇ ਜਾਣਗੇ।
ਚੁੱਪ-ਚਾਪ ਰਹੀ ਸ਼ਾਇਰਾ ਵੀ ਅੱਜ,
ਹਵਾ ਦੇ ਬੁੱਲੇ ਵੱਲੋਂ ਨਗਮੇ ਦਿੱਤੇ ਜਾਣਗੇ।
ਫੁੱਲਾਂ ਦੇ ਨਾਲ ਮੈਂ ਖਹਿ ਕੇ ਸੀ ਆਇਆ,
ਉੱਥੋਂ ਕਿੰਨੇ ਹੀ ਜਵਾਬ ਤੇ ਸਵਾਲ ਸੀ ਲਿਆਇਆ।
ਉਹਦੀ ਵੀ ਮਹਿਕ ਮੈਨੂੰ ਰੁੱਠੀ ਜੀ ਲੱਗੀ,
ਨਾਲੇ ਸੰਜੀਦਗੀ ਮੁੱਕੀ ਜੀ ਲੱਗੀ।
ਅੱਗੋਂ ਪਤਾ ਲੱਗਿਆ, ਦਿਨ ਔਖੇ ਬੜੇ ਹੋਏ,
ਨਾਲ ਦੇ ਸਾਥੀ, ਮੁਸਾਫ਼ਰਾਂ ਨੇ ਖੋਏ।
ਅੰਦਰੋਂ ਫਿਰ ਉਹ ਹੌਲੀ-ਹੌਲੀ ਟੁੱਟੇ,
ਮੁੜ ਕੇ ਨਾ ਮਹਿਕ ਦੇ ਖ਼ਿਆਲ ਉਹਨਾਂ ਚੁੱਕੇ।
ਦੱਸ ਇਹਦੇ ਵਿੱਚ ਮੈਂ ਕੀ ਕਰਾਂ,
ਹਰ ਰੋਜ਼ ਮੈਂ ਵੀ ਤਿਲ-ਤਿਲ ਮਰਾਂ।
ਇਹ ਤਾਂ ਇਨਸਾਨ ਦੀ ਫਿਤਰਤ ਹੋਈ,
ਹਰ ਚੀਜ਼ ਪਾ ਕੇ ਅੰਤ ਵਿੱਚ ਮਿੱਟੀ ਹੀ ਹੋਈ।
ਚੁੱਪ ਕਰ ਹਜੇ, ਠਹਿਰ ਜਾ ਓ ਤੂੰ,
ਤੇਰਾ ਹਜੇ ਹੋਇਆ ਨਹੀਂ, ਨਗਮਾ ਸ਼ੁਰੂ।
ਓਦੋਂ ਬਾਅਦ ਗਿਆ ਮੈਂ ਵਿੱਚ ਰੁੱਖਾਂ,
ਉਹਨਾਂ ਦਾ ਵੀ ਦੱਸਦਾ ਤੈਨੂੰ ਮੈਂ ਚਿੱਠਾ।
ਨਾਲੇ ਮੈਨੂੰ ਉਨ੍ਹਾਂ ਸਾਰੀ ਦਾਸਤਾਨ ਸੁਣਾਈ,
ਉਹਨਾਂ ਦੇ ਹਵਨ ਵਿੱਚ ਮੈਂ ਹੀ ਅੱਗ ਲਾਈ।
ਪਹਿਲਾਂ ਸਾਰੇ ਉਹ ਚੁੱਪ-ਚਾਪ ਜਿਹੇ ਹੋਏ,
ਫਿਰ ਮੇਰੇ ਉੱਤੇ ਇੱਕ-ਇੱਕ ਕਰਕੇ ਮੁਕਦਮੇ ਹੋਏ।
ਨਾਲੇ ਕਠਗਰੇ ਵਿੱਚ ਕੀਤਾ ਗਿਆ ਖੜਾ,
ਮੇਰੇ ਉੱਤੇ ਇੱਕ ਇਲਜ਼ਾਮ ਗਿਆ ਮੜਾ।
ਹਰ ਵਾਰੀ ਆ ਕੇ ਕਿਉਂ ਦਿਲ ਤੋੜੇ,
ਅਜੇ ਪੱਤਝੜ ਲੰਘੀ ਨੂੰ ਦਿਨ ਹੋਏ ਬੜੇ ਥੋੜੇ।
ਹੁਣ ਸ਼ਾਇਰਾ ਇਹਦੇ ਵਿੱਚ ਮੈਂ ਕੀ ਕਰਾਂ,
ਆਖਰ ਨੂੰ ਮੈਂ ਵੀ ਮੁਜ਼ਰਿਮ ਹੀ ਬਣਾਂ।
ਇਹ ਤੇਰੇ ਕੱਲੇ ਦੀ ਨੀ, ਸਾਰਿਆਂ ਦੀ ਕਹਾਣੀ ਏ,
ਇਸ਼ਕੇ ਦਾ ਡੰਗਿਆ ਮੰਗਦਾ ਨਾ ਪਾਣੀ ਏ।
ਕਿਉਂ ਤੂੰ ਸਾਰੇ ਦੁਖੜਿਆਂ 'ਚ ਪਿਆ ਏ,
ਇਹ ਤਾਂ ਸਾਰਾ ਸਿਲਸਿਲਾ ਇਦਾਂ ਹੀ ਰਿਹਾ ਏ।
ਓਏ ਕਿੱਦਾ, ਕਿਵੇਂ, ਕੋਈ ਕਿੱਥੇ ਦੁਖੀਏ,
ਇਹ ਤਾਂ ਸਮਾਜ ਸੁਧਰਨ ਦੀ ਥਾਂ ਵਿਗੜਦਾ ਹੀ ਰਿਹਾ ਏ।
ਮੈਥੋਂ ਤੂੰ ਹੋਈ ਨਾ ਭੋਰਾ ਵੀ ਖ਼ਫ਼ਾ,
ਤੈਨੂੰ ਮੈਂ ਦੱਸਦਾ ਇੱਕ ਸੌਖਾ ਜਿਹਾ ਫ਼ਲਸਫ਼ਾ।
ਇਸ਼ਕ ਹਕੀਕੀ ਵਿੱਚ ਹਾਂਸਫ਼ਨੂਰ ਹੋਇਆ,
ਮੇਰੇ ਨਾਲ ਹੁਣ ਤੂੰ ਵੀ ਫੜ ਲੈ ਪੱਲਾ।
ਨਾਲੇ ਚਿੰਤਾ ਤੇ ਸਾਰਾ ਹੁਣ ਡਰ ਵੀ ਖੋਇਆ,
ਇਸ ਦੇ ਨਾਲ ਤੂੰ ਵੀ ਉਹਦਾ ਹੀ ਹੋਇਆ।




## ਗ਼ਜ਼ਲ

ਵਗਾਹ ਕੇ ਸੁੱਟ ਪਾਸੇ ਯਾਰ ਹਾਉਮੈ |
ਬੜਾ ਹੀ ਸਿਰ 'ਤੇ ਹੁੰਦੀ ਭਾਰ ਹਾਉਮੈ |

ਓਦੋਂ ਹੀ ਰਿਸ਼ਤਿਆਂ ਵਿੱਚ ਫਿੱਕ ਪੈਂਦੀ ,
ਜਦੋਂ ਆ ਜਾਂਦੀ ਹੈ ਵਿਚਕਾਰ ਹਾਉਮੈ |

ਮੁਹੱਬਤ ਨਾਲ ਮੈਂ ਰਿਸ਼ਤੇ ਨੇ ਜੋੜੇ,
ਤੁਸੀਂ ਸਾਂਭੀ ਫਿਰੋ ਬੇਕਾਰ ਹਾਉਮੈ |

ਤੁਸੀਂ ਨਾਨਕ ਦੇ ਦਰ ਚੱਲੇ ਤਾਂ ਹੋ, ਪਰ,
ਨਹੀਂ ਚਲਦੀ ਉਹਦੇ ਦਰਬਾਰ ਹਾਉਮੈ |

ਤੂੰ ਲੋਚੀ ਸਮਝ ਲੈ ਤੇ ਧਿਆਨ ਰੱਖੀਂ ,
ਕਦੋਂ ਲਾਉਂਦੀ ਕਿਸੇ ਨੂੰ ਪਾਰ ਹਾਉਮੈ |




## ਚੰਗਾ ਮਾਰਗ

ਕਿਸੇ ਤੱਕ ਨੀਵਾਂ ਵਿਖਾਉਣਾ ਸਾਨੂੰ ਬਹੁਤ ਭਾਵੇ ਜੀ ,
ਨੀਵਾਂ ਹੋ ਕੇ ਚੱਲਣ ਦੀ ਨਾ ਸਾਨੂੰ ਜਾਂਚ ਆਵੇ ਜੀ।
ਕਿਸੇ ਦੀ ਅਸੀਂ ਰੋਕ ਤਰੱਕੀ ਦੇਣੀ ਹੈ,
ਇਹੋ ਸਾਨੂੰ ਤਾਂ ਭਰਮ ਖਾਵੇ ਜੀ।
ਆਪਣੇ ਔਗੁਣ ਹਰ ਕੋਈ ਭੁੱਲਦਾ,
ਲੋਕਾਂ ਦੇ ਤਾਂ ਔਗੁਣਾ ਤਾਈਂ ਗਿਣਾਵੇ ਜੀ।
ਸੋਚੇ ਹੋਰਾਂ ਨੂੰ ਮੈਂ ਲਾ ਲੂੰ ਥੱਲੇ,
ਬੱਸ ਐਸੇ ਗੱਲ ਦੀ ਖੱਟੀ ਖਾਵੇ।
ਨਾਲ ਹੰਕਾਰ ਦੇ ਭਰਿਆ ਫਿਰਦਾ,
ਮਨ ਚੋਂ ਨਾ ਹੰਕਾਰ ਗਵਾਵੇ।
ਕਿਸੇ ਨੂੰ ਥੱਲੇ ਲਾ ਕੇ ਯਾਰੋ ,
ਕੋਈ ਨਾ ਉੱਚਾ ਕਹਾਵੇ ਜੀ.
ਜੋ ਫੜਦਾ ਨਿਮਰਤਾ ਦੇ ਪੱਲੇ ਤਾਈਂ,
ਉਹੀ ਸੱਚੀ ਮੰਜਿਲ ਪਾਵੇ ਜੀ।
ਦੂਜਿਆਂ ਦੇ ਰਾਹਾਂ ਵਿੱਚ ਬੀਜਦਾ ਜੋ ਕੰਡਿਆਂ ਨੂੰ,
ਫੁੱਲਾਂ ਦੀ ਉਹ ਕਿਉਂ ਉਮੀਦ ਪਾਵੇ ਜੀ।
ਉਹ ਬੰਦਾ ਦੁਨੀਆਂ ਵਿੱਚ ਮਾਣ ਨੂੰ ਹੈ ਪਾ ਜਾਂਦਾ,
ਦੂਜਿਆਂ ਦੇ ਲਈ ਜੋ ਚੰਗਾ ਮਾਰਗ ਦਿਖਾਵੇ ਜੀ।
ਐਵੇਂ ਕਹਿੰਦੇ ਜਿਹੜਾ ਮਾਣ ਆਪਣੀ ਅਕਲ ਦਾ ਕਰੀ ਜਾਵੇ,
ਆਖਰ ਨੂੰ ਉਹਦਾ ਭਰਮ ਮਿਟ ਜਾਵੇ ਜੀ।
ਸਿਆਣੇ ਕਹਿੰਦੇ ਦਿਲ ਵਿੱਚ ਪਿਆਰ ਤੇ ਨਿਮਰਤਾ ਨੂੰ ਰੱਖੀਏ,
ਇਹੀ ਤਾਂ ਤੁਹਾਡੇ ਮਾਣ ਨੂੰ ਵਧਾਵੇ ਜੀ।




## ਮੈਨੂੰ ਪੰਜਾਬ ਆਖਦੇ ਨੇ

ਕਈਆਂ ਨੇ ਮੈਨੂੰ ਆਣ ਕੇ ਲੁੱਟਿਆ,
ਕਈਆਂ ਨੇ ਮੇਰੇ ਲਈ ਲਹੂ ਬਹਾਇਆ ਏ।
ਕਈਆਂ ਨੇ ਮੇਰੀ ਜੜ੍ਹੀ ਅੱਕ ਦਿੱਤਾ,
ਕਈਆਂ ਨੇ ਮੇਰੇ ਲਈ ਸੀਸ ਕਟਾਇਆ ਏ।
ਪੜ੍ਹਕੇ ਸੁਣ ਕੇ ਜ਼ਰਾ ਗੌਰ ਨਾਲ ਦੇਖਣਾ,
ਮੇਰਾ ਦੁਨੀਆ ਤੇ ਵੱਖਰਾ ਇਤਿਹਾਸ ਆਖਦੇ ਨੇ ।
ਮੈਂ ਕਈ ਵਾਰੀ ਡਿੱਗ ਖੜ੍ਹਾ ਹੋਇਆ,
ਮੈਨੂੰ ਪੰਜਾਬ ਆਖਦੇ ਨੇ।
ਮੈਨੂੰ ਪੰਜਾਬ ਆਖਦੇ ਨੇ।
ਮੇਰੇ ਲੋਕ ਬੜੇ ਹੀ ਹਿੰਮਤੀ ਨੇ,
ਝੱਲ ਜਾਂਦੇ ਸਮੇਂ ਦੀਆਂ ਮਾਰਾਂ ਨੂੰ ।
ਇਹ ਮੋਢੇ ਨਾਲ ਮੋਢਾ ਜੋੜ ਖੜ੍ਹ ਜਾਂਦੇ,
ਅੱਡੀਆਂ ਚੁੱਕ ਚੁੱਕ ਵੇਖਦੇ ਨਹੀਂ ਸਰਕਾਰਾਂ ਨੂੰ।
ਇਨ੍ਹਾਂ ਫਿਰ ਪੈਰਾਂ ਤੇ ਖੜ ਜਾਣਾ,
ਜਿੰਨੇ ਮਰਜ਼ੀ ਅੱਜ ਹਾਲਾਤ ਖਰਾਬ ਆਖਦੇ ਨੇ।
ਮੈਂ ਕਈ ਵਾਰੀ ਡਿੱਗ ਖੜ੍ਹਾ ਹੋਇਆ,
ਮੈਨੂੰ ਪੰਜਾਬ ਆਖਦੇ ਨੇ।
ਮੇਰੇ ਜਦ ਕਈ ਆਪਣੇ ਗੱਦਾਰ ਨਿਕਲੇ ,
ਫਿਰ ਕਈ ਮੈਂ ਹਿਕ ਤੇ ਮਾੜੇ ਦੌਰ ਹੰਢਾਏ ਨੇ।
ਮੈਂ ਕਦੇ ਕਿਸੇ ਅੱਗੇ ਨਹੀਂ ਝੁਕਿਆ,
ਸਗੋਂ ਹਮੇਸ਼ਾ ਜਿੱਤ ਦੇ ਝੰਡੇ ਲਹਿਰਾਏ ਨੇ।
ਮੇਰੀ ਕੌਮ ਬੜੀ ਅਣਖੀਲੀ ਹੈ ,
ਜਿਸ ਨੂੰ ਦੁਨੀਆਂ ਵਾਲੇ ਸਰਦਾਰ ਆਖਦੇ ਨੇ।
ਮੈਂ ਕਈ ਵਾਰੀ ਡਿੱਗ ਖੜ੍ਹਾ ਹੋਇਆ ,
ਮੈਨੂੰ ਪੰਜਾਬ ਆਖਦੇ ਨੇ ।
ਮੇਰੇ ਸਿਰ ਤੇ ਹੱਥ ਬਾਬੇ ਨਾਨਕ ਦਾ ,
ਤੇ ਧੁਰ ਅੰਦਰ ਤੱਕ ਸਮਾਈ ਰਜਿੰਦਰਾ ਬਾਣੀ ਹੈ।
ਜੋ ਮੇਰੀ ਹੋਂਦ ਨੂੰ ਖਤਮ ਕਰਨਾ ਚਾਹੁੰਦੇ ,
ਉਹਨਾਂ ਦੀ ਆਪਣੀ ਹੋਂਦ ਹੀ ਇੱਕ ਦਿਨ ਮਿਟ
ਜਾਣੀ ਹੈ।
ਮੈਂ ਸਦਾ ਮਹਿਕਾਂ ਰਹਾਂਗਾ ਵੰਡਦਾ ,
ਮੈਨੂੰ ਫੁੱਲਾਂ ਵਿੱਚੋਂ ਫੁੱਲ ਗੁਲਾਬ ਆਖਦੇ ਨੇ।
ਮੈਂ ਕਈ ਵਾਰੀ ਡਿੱਗ ਖੜ੍ਹਾ ਹੋਇਆ,
ਮੈਨੂੰ ਪੰਜਾਬ ਆਖਦੇ ਨੇ।
ਮੈਨੂੰ ਪੰਜਾਬ ਆਖਦੇ ਨੇ ।




## ਨਾ ਢਾਓ ਢੇਰੀਆਂ

ਹਿੰਮਤੀ ਬਣੋ, ਨਾ ਢਾਓ ਢੇਰੀਆਂ
ਜੀਉਣ ਸਕੀਮਾਂ ਨੇ ਬਥੇਰੀਆਂ |

ਜਿਥੇ ਵੀ ਜਾਓ ਕੁੱਝ ਕਰਕੇ ਵਿਖਾਓ
ਕੰਡਿਆਲੇ ਰਾਵਾਂ ਤੇ ਗੁਲਾਬ ਉਗਾਓ
ਚੰਗੇ ਮੰਦੇ ਦੀ ਪਰਖ ਬਣਾ ਕੇ
ਸਹਿਜੇ ਸਹਿਜੇ ਕਦਮ ਅਗੇ ਵਧਾਓ
ਹਿੰਮਤੀ ਬਣੋ..................

ਸੰਘਰਸ਼ ਕਰਨਾ ਫਰਜ਼ ਹੈ ਤੇਰਾ
ਤੂੰ ਆਪਣਾ ਫਰਜ਼ ਨਿਭਾਈ ਜਾ
ਨਿੱਕੀਆਂ ਖੁੱਸ਼ੀਆਂ ਗਲੇ ਲਾਕੇ
ਆਸਾਵਾਦੀ ਜੀਵਨ ਆਪਣਾ ਬਣਾ
ਹਿੰਮਤੀ ਬਣ........................

ਡਿੱਗੇ ਢੱਠੇ ਸਾਥੀ ਆਪਣੇ
ਦੇ ਕੇ ਹਿੰਮੱਤ ਨਾਲ ਤੁੱਰਾਂ
ਨਫ਼ਰਤ ਕਰਨੋ ਕਰੀਂ ਪਰਹੇਜ਼
ਸਾਂਝੀਵਾਲਤਾ ਦਾ ਗੁਰ ਅਪਣਾ
ਹਿੰਮਤੀ ਬਣ.....................




## ਇੱਜ਼ਤ ਤੇ ਨਫ਼ਰਤ

ਖੰਬਿਆਂ, ਇਮਾਰਤਾਂ 'ਤੇ ਲਟਕ ਕੇ ਕੰਮ ਕਰਦੇ
ਕਾਰੀਗਰ ਸਾਡੀ ਇੱਜ਼ਤ ਦੇ ਹੱਕਦਾਰ ਨੇ।
ਜੇਲ੍ਹਾਂ 'ਚ ਸੜਦੇ ਸੀਨੀਅਰ ਪੁਲਿਸ ਅਫ਼ਸਰ ਤੇ
ਬਲਾਤਕਾਰੀ ਲੀਡਰ ਸਾਡੀ ਨਫ਼ਰਤ ਦੇ ਹੱਕਦਾਰ ਨੇ।
ਸਮਾਜਿਕ ਇੱਜ਼ਤ ਤੇ ਨਫ਼ਰਤ ਵਿਚ
ਜ਼ਮੀਨ-ਅਸਮਾਨ ਦਾ ਫ਼ਰਕ ਹੋਇਆ ਕਰਦੈ, ਦੋਸਤ!
ਇਨਸਾਨੀਅਤ ਦਾ ਤਕਾਜ਼ਾ ਹੈ ਕਿ ਕਾਮੇ, ਮਜ਼ਦੂਰ,
ਹਲ-ਵਾਹਕ ਕਿਸਾਨ ਸਾਡੇ ਸਲਾਮ ਦੇ ਹੱਕਦਾਰ ਨੇ।


### ਨਵੀਂ ਰੋਸ਼ਨੀ

ਸੁਬਹ-ਸਵੇਰੇ, ਉਗਦੇ ਸੂਰਜ ਦੀ ਲਾਲੀ ਵਖੇਰਦੀ ਹੈ
ਕਾਇਨਾਤ ਨੂੰ ਜਗਾਂਦੀ ਰੋਸ਼ਨੀ,
ਖੁਸ਼ਬੂ-ਏ-ਨਸੀਮ, ਦਰੱਖਤਾਂ ਤੇ ਹਿਲਦੇ ਪੱਤੇ,
ਪੰਛੀਆਂ ਦੀਆਂ ਅਵਾਜ਼ਾਂ, ਅੰਦਰ ਵੱਲ ਜਗਾਂਦੀਆਂ ਨੇ ਰੋਸ਼ਨੀ,
ਦੋਸਤੋ, ਇਥੋਂ ਤੱਕ ਕਿ ਇਨਸਾਨ ਖੁੱਦ
ਇਸ ਕੁਦਰਤੀ ਮੰਜ਼ਰ ਦਾ ਹਿੱਸਾ ਬਣਦਾ ਲੱਗਦੈ ,
ਆਓ ! ਗਲੇ-ਸੜੇ, ਘਿਸੇ-ਪਿਟੇ ਖਿਆਲਾਂ ਨੂੰ ਛੱਡੀਏ,
ਤੇ ਅਪਣਾਈਏ ਨਵੇਂ ਰਾਹਾਂ ਦੀ ਨਵੀਂ ਰੋਸ਼ਨੀ।




## ਦਿਲ ਤੇ ਚੀਸਾਂ

ਹੁਣ ਤਾਂ ਆਦੀ ਹੋ ਚੁੱਕਿਆ ਹਾਂ, ਦਿਲ ਤੇ ਪੈਂਦੀਆਂ ਚੀਸਾਂ ਦਾ
ਅੱਥਰੂ ਦੀ ਥਾਂ ਲਹੂ ਹੈ ਵਗਦਾ, ਕਸੂਰ ਫ਼ਜ਼ੂਲੀ ਨੀਝਾਂ ਦਾ
ਜਿੰਮੇਦਾਰੀ ਵਾਲਾ ਖੰਜਰ, ਹਰ ਦਮ ਨਾਲੇ ਰੱਖਦਾ ਮੈਂ
ਫ਼ਤਵਾ ਜਾਰੀ ਕਰਦੋ ਮੈਂ ਹਾਂ, ਕਾਤਲ ਮੇਰੀਆਂ ਰੀਝਾਂ ਦਾ
ਸਬਰਾਂ ਵਾਲਾ ਜ਼ਾਰ ਜੋ ਅਕਸਰ, ਰਹੇ ਤਿੜਕਦਾ ਹਰ ਵੇਲੇ
ਬੜੀ ਮੁਸ਼ੱਕਤ ਕੀਤੀ ਹੱਲ ਨਾ, ਮਿਲਿਆ ਇਹਨਾਂ ਝੀਥਾਂ ਦਾ
ਆਮਦ ਜਾਣ ਅੱਲ੍ਹਾ ਦੀ ਮੇਰਾ, ਸਿਰ ਝੁਕ ਜਾਂਦਾ ਇਸ ਅੱਗੇ
ਅੱਖਰ ਵੀ ਨੀ ਪੜ੍ਹਿਆ ਭਾਵੇਂ, ਮੈਂ ਕੁਰਾਨ ਹਦੀਸਾਂ ਦਾ
ਖੌਰੇ ਅੱਜਕਲ੍ਹ ਦਿਲ ਮੇਰਾ, ਕਿਉਂ ਗਾਜ਼ਾਪੱਟੀ ਬਣਿਆ ਏ
ਅਕਸਰ ਸਹਿੰਦਾ ਰਹੇ ਤਸ਼ੱਦਦ, ਇਜ਼ਰਾਇਲੀ ਫਿਲੀਸਤੀਨਾ ਦਾ
ਆਪਣੀ ਲੋ ਦੇ ਤਪ ਕੋਲੋਂ, ਜਗ ਨਾ ਸਕਿਆ ਡਰਦਾ ਮੈਂ
ਬੁੱਝਿਆ ਦੀਵਾ ਬਣ ਨੀ ਸਕਦਾ, ਸੂਰਜ ਗੁਰਬਤ ਦੀਨਾ ਦਾ




ਭਾਗ - 01

## ਮੇਰੇ ਮਾਸਟਰ ਜੀ

ਚੰਗੇ ਓਸਤਾਦ ਦੇ ਚੰਡੇ ਚੇਲੇ ਕਦੇ ਖਾਲੀ ਹੱਥ ਦੁਨੀਆਂ ਤੇ ਨਹੀ ਜਾਂਦੇ, ਦੋਲਤ ਸ਼ੋਹਰਤ ਇੱਜਤ ਮਾਨ ਸਨਮਾਨ ਪ੍ਰਾਪਤ ਕਰਕੇ ਹੀ ਜਹਾਨੋ ਰੁਖ਼ਸਤ ਹੁੰਦੇ ਨੇ ਇਹ ਬੋਲ ਮੇਰੇ ਕੰਨੀ ਕਿਸੇ ਬਹੁਤ ਹੀ ਬਜ਼ੁਰਗ ਅਤੇ ਸਿਆਣੇ ਇੰਨਸਾਨ ਦੇ ਮੂੰਹ ਤੋ ਕੰਨ ਪਏ ਇੰਨਾ ਲਫਜਾਂ ਨੂੰ ਸੁਣਦਿਆਂ ਮੇਰੀ ਸੋਚ ਮੈਨੂੰ ਵੀਹ ਪੰਝੀ ਵਰੇ ਪਿਛਾਂਹ ਫਿਲਮੀ ਦ੍ਰਿਸ਼ ਵਾਗ ਫਲੈਸ਼ ਬੈਕ ਵਿਚੋਂ ਚਲੀ ਗਈ। ਮੈ ਅਪਣੇ ਸਕੂਲ ਖਾਲਸਾ ਹਾਈ ਸਕੂਲ ਮਾਨਸਾ ਵਿੱਚ ਬਤੌਰ ਮਾਸਟਰ ਕੰਮ ਕਰਦੇ ਦਰਵੇਸ਼ ਇਨਸਾਨ ਸਰਦਾਰ ਕੁਲਦੀਪ ਸਿੰਘ ਜੀ ਦੇ ਸਾਵੇ ਚਲਾ ਗਿਆ। ਬਚਪਨ ਵਿੱਚ ਮੈਨੂੰ ਪੜਨ ਦਾ ਬਹੁਤਾ ਸ਼ੌਂਕ ਨਹੀ ਸੀ ਹੁੰਦਾ। ਪਹਿਲੋਂ ਪਹਿਲ ਮੈਨੂੰ ਸਕੂਲ ਜਾਣਾ ਭੋਰਾ ਵੀ ਚੰਗੀ ਨਹੀਂ ਸੀ ਲੱਗਦਾ। ਮੈ ਹਰ ਦਿਨ ਸਕੂਲ ਜਾਣ ਤੋ ਟਾਲ ਮਟੋਲ ਕਰਦਾ ਪਰ ਬਾਪੂ ਜੀ ਪਿਆਰ ਨਾਲ ਸਕੂਲ ਘੱਲ ਦੇਦੇ ਪਹਿਲੇ ਦੋ ਕੁ ਦਿਨ ਮੈ ਸਕੂਲੋ ਖੇਡ ਕੇ ਘਰ ਆ ਜਾਇਆ ਕਰਦਾ।

ਮੈਨੂੰ ਇਉ ਜਾਪਿਆ ਜਿਓ ਸਕੂਲ ਸਿਰਫ ਖੇਡਣ ਜਾ ਮੌਜ ਮਸਤੀਆਂ ਕਰਨ ਲਈ ਜਾਣਾ ਹੁੰਦੈ। ਤਿੰਨ ਕੁ ਦਿਨਾਂ ਮਗਰੋ ਬਾਪੂ ਜੀ ਨੇ ਮੈਨ ਕਲਮ ਸਿਆਹੀ ਅਤੇ ਇੱਕ ਫੱਟੀ ਬਜਾਰੋ ਖਰੀਦ ਦਿਤੀ। ਮਾਸਟਰ ਜੀ ਮੈਨੂੰ ਪਹਿਲਾ ਫੱਟੀ ਪੋਚਣ ਭੇਜ ਦੇਦੇ ਫੱਟੀ ਸੁੱਕਣ ਮਗਰੋ ਮੈਨੂੰ ਪਿਆਰ ਨਾਲ ਆਪਣੈ ਲਾਗੇ ਬੁਲਾਉਂਦੇ ਪੂਰਨੇ ਪਾਓਣ ਓਪਰੰਤ ਪੰਜਾਬੀ ਵਰਨ ਮਾਲਾ ਦੇ ਅੱਖਰ ਓਕਰ ਕੇ ਦੇਦੇ ਪਹਿਲਾਂ ਇਕ ਲਾਇਨ ਲਿਖਵਾਓਦੇ ਰਹੇ ਕੁੱਝ ਕ ਦਿਨਾਂ ਬਾਦ ਦੋ ਫਿਰ ਤਿੰਨ, ਓਨਾ ਪਾਸੋ ਮੈ ਜਿੰਨੇ ਵਰੇ ਵੀ ਸਿਖਿਆ ਪ੍ਰਾਪਤ ਕੀਤੀ ਮੈਂਨੂੰ ਜਿਥੋਂ ਤੱਕ ਯਾਦ ਏ ਓਨਾ ਕਦੇ ਮੈਨੂੰ ਝਿੜਕਿਆਂ ਨਾ ਮਾਰਿਆ ਨੀ, ਬਾਕੀ ਵਿਦਿਆਰਥੀ ਵੀ ਓਨਾ ਦਾ ਬਹੁਤ ਸਤਿਕਾਰ ਕਰਦੇ ਸਨ। ਜਦ ਹੌਲੀ ਹੌਲੀ ਪੂਰੀ ਫੱਟੀ ਲਿਖਣ ਲੱਗਾ ਮੈ ਸਾਫ ਨਾ ਲਿਖਣਾ ਸਹਿਜੇ ਹੀ ਮੈ ਓਨਾ ਨੂੰ ਪਸੰਦ ਕਰਨ ਲੱਗਾ ਕਿਓ ਕੇ ਓਨਾ ਥੋੜੇ ਹੀ ਸਮੇ ਵਿੱਚ ਸੁੰਦਰ ਹੱਥ ਲਿਖਤ ਦੇ ਗੁਰ ਮੇਰੇ ਨਿਮਾਣੇ ਦੀ ਝੋਲੀ ਪਾ ਦਿੱਤੇ। ਮਾਸਟਰ ਜੀ ਜਦ ਫੱਟੀ(ਤਖ਼ਤੀ) ਲਿਖਵਾਓਦੇ ਮੈ ਸਭ ਤੋ ਜਦ ਸਭ ਤੋ ਸੁੰਦਰ ਲਿਖਦਾ ਤਾ ਮਾਸਟਰ ਜੀ ਮੈਨੂੰ ਆਪਣੇ ਗੀਜੇ ਵਿੱਚੋ ਟੌਫੀ ਕੱਢ ਮੇਰੀ ਤਲੀ ਤੇ ਰੱਖ ਦੇਦੇ। ਤਾ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਹਿੰਦਾ।

ਮਾਸਟਰ ਜੀ ਤੇ ਟੌਫੀ ਲੈ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਹਿੰਦਾ। ਭਾਵੇ ਮਾਪਿਆਂ ਪਾਸੋ ਮੈਨੂੰ ਰੋਜ ਜੇਬ ਖਰਚੀ ਲਈ ਪੰਜਾਹ ਪੈਸੇ ਮਿਲਦੇ, ਮੇਰੀ ਪੰਜਾਬੀ ਹਿੰਦੀ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਦੀ ਹੱਥ ਲਿਖਤ ਸਾਰੇ ਸਕੂਲ ਵਿੱਚੋਂ ਮੇਰੀ ਹੀ ਸੋਹਣੀ ਸੀ। ਸਕੂਲ ਦੇ ਸਾਰੇ ਅਧਿਆਪਕ ਅਤੇ ਬੱਚੇ ਮੈਨੂੰ ਮੇਰੇ ਨਾ ਕਾਰਨ ਨਹੀ ਸਗੋ ਮੇਰੀ ਸੁੰਦਰ ਲਿਖਾਈ ਕਾਰਨ ਜਾਣਦੇ ਸੀ ਜੋ ਮੇਰੇ ਮਾਸਟਰ ਜੀ ਦੀ ਅਨਥੱਕ ਮਿਹਨਤ ਸੀ। ਜਿਨਾਂ ਦੀ ਮਿਹਨਤ ਮੂਹਰੇ ਮੇਰਾ ਸਿਰ ਪਲ ਪਲ ਝੁਕਦੈ। ਮਾਸਟਰ ਜੀ ਮੈਨੂੰ ਰੋਜ਼ਾਨਾ ਟੌਫੀ ਇਨਾਮ ਵਜੋਂ ਦੇਦੇ। ਓਨਾ ਤੋ ਮਿਲਣ ਵਾਲੇ ਇਨਾਮ ਨੇ ਮੇਰੀ ਜ਼ਿੰਦਗੀ ਬਦਲ ਛੱਡੀ। ਇੱਕ ਵਾਰ ਮੈਨੂੰ 100 ਡਿਗਰੀ ਬੁਖਾਰ ਸੀ, ਪਰ ਮੈ ਫੇਰ ਵੀ ਸਕੂਲ ਪੁੱਜਾ। ਮੈਨੂੰ ਮਾਸਟਰ ਜੀ ਪਾਸੋ ਟੌਫੀ ਜਿੱਤਣ ਦੀ ਚੇਟਕ ਮੈਨੂੰ ਸਕੂਲ ਖਿੱਚ ਲੈ ਗਈ।

To be continued......

ਲੇਖਕ
ਲੋਕੇਸ਼ ਮਾਨਸਾ, ਜ਼ਿਲ੍ਹਾ - ਮਾਨਸਾ
9463177177



ਭਾਗ - 02

## ਮੇਰੇ ਮਾਸਟਰ ਜੀ

ਡਰ ਸੀ ਜਿਸ ਇਨਾਮ ਵਜੋਂ ਮਿਲਦੀ ਟੌਫੀ ਤੇ ਮੇਰਾ ਸਾਲਾ ਬੱਧੀ ਦਾ ਕਬਜ਼ਾ ਸੀ। ਕਿਸੇ ਹੋਰ ਵਿਦਿਆਰਥੀ ਦੇ ਹੱਥ ਨਾ ਆ ਜਾਵੇ। ਜਿਸ ਕਾਰਨ ਸਕੂਲ ਵਿੱਚ ਸਭ ਤੋ ਵੱਧ ਹਾਜਰੀ ਮੇਰੀ ਸੀ। ਮਾਸਟਰ ਜੀ ਦੀ ਯੋਗ ਰਹਿਨੁਮਾਈ ਸਦਕਾ ਮੈ ਪੰਜਵੀ ਜਮਾਤ ਅੱਵਲ ਦਰਜੇ ਵਿੱਚ ਪਾਸ ਕੀਤੀ। ਓਨਾ ਦੀਆਂ ਦੱਸੀਆਂ ਬਰੀਕੀਆਂ ਨੇ ਮੇਰਾ ਓਚੇਰੀ ਸਿਖਿਆ ਵਿੱਚ ਵੀ ਮਾਰਗਦਰਸ਼ਨ ਕੀਤਾ। ਜਿਸ ਦੇ ਸਿੱਟੇ ਵੱਜੋਂ ਮੈ ਇਕੱ ਅਧਿਆਪਕ ਵਜੋ ਨਿਯੁੱਕਤ ਹਾ। ਓਨਾ ਦੇ ਦਸੇ ਗੁਰ ਹੁਣ ਮੈਨੂੰ ਬੱਚਿਆ ਨੂੰ ਪੜਾਓਣ ਵਿੱਚ ਚੋਖੀ ਸਹਾਇਤਾ ਕਰਦੇ ਨੇ। ਸਿਆਣੇ ਕਹਿੰਦੇ ਨੇ ਬੋਹੜ ਦੀ ਛਾ ਅਤੇ ਓਸਤਾਦਾ ਦੇ ਤਜਰਬੇ ਕਿਸੇ ਕਰਮਾਂ ਵਾਲੇ ਦੇ ਹਿਸੇ ਆਓਦੇ ਨੇ ਤਾਹੀ ਹੁਣ ਮੇਰੇ ਗੀਜੇ ਵਿੱਚ ਵੀ ਇੱਕ ਦੋ ਟਾਫੀਆਂ ਹਰ ਵਖ਼ਤ ਹੁੰਦੀਆਂ ਨੇ,ਮਾਸਟਰ ਜੀ ਦੁਆਰਾ ਪਾਈ ਪਿਰਤ ਮੈ ਵੀ ਆਪਣੇ ਅਤੇ ਆਪਣੇ ਵਿਦਿਆਰਥੀਆਂ ਦਰਮਿਆਨ ਜਾਰੀ ਰੱਖਣੀ ਚਾਹੁੰਦਾ ਹਾ ਕਿਓ ਕੇ ਕਹਿੰਦੇ ਨੇ ਬਾਲ ਮਨਾ ਤੇ ਅਧਿਆਪਕ ਦੀ ਡੂੰਘੀ ਛਾਪ ਓਮਰ ਭਰ ਰਹਿੰਦੀ ਏ ਮੈ ਕਿਸਮਤ ਵਾਲਾ ਕੇ ਮੈਨੂੰ ਸਰਦਾਰ ਕੁਲਦੀਪ ਸਿੰਘ ਜੀ ਵਰਗੇ ਦਰਵੇਸ਼ ਯੋਗ ਹੱਥ ਲਿਖਤ ਦੇ ਮਾਹਰ ਅਧਿਆਪਕ ਜਿੰਨਾ ਮੈਨੂੰ ਹਮੇਸ਼ਾ ਮਾਪਿਆਂ ਵਾਲਾ ਪਿਆਰ ਦਿੱਤਾ ਪਾਸੋਂ ਗਿਆਨ ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਅੱਜ ਵੀ ਓਨਾ ਦੀਆਂ ਗੱਲਾਂ ਚੇਤੇ ਕਰਦਿਆ ਮੇਰੀਆਂ ਅੱਖਾਂ ਨਮ ਹੋ ਜਾਦੀਆਂ ਨੇ।

ਲੱਗਦੈ ਅੱਜ ਵੀ ਓਹ ਅਸਮਾਨ ਚ ਤਾਰਾ ਬਣ ਆਪਣੇ ਵਿਦਿਆਰਥੀ ਨੂੰ ਦੇਖ ਖੁਸ਼ ਹੁੰਦੇ ਹੋਣਗੇ।

ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ,
ਸ਼ੌਂਕ ਨਾਲ, ਪਿਆਰ ਨਾਲ,
ਲਾਲਚ ਜਾ ਡੰਡੇ ਨਾਲ

ਸ਼ੱਬਾ ਖੈਰ

ਲੇਖਕ
ਲੋਕੇਸ਼ ਮਾਨਸਾ, ਜ਼ਿਲ੍ਹਾ - ਮਾਨਸਾ
9463177177



" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

PARVEEN STUDIO
DASUYA 98550 52298
pre wedding shoot, marriage , parties, all events,
live , mug printing, T-shirt printing etc.




ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212




ਹਫ਼ਤਾਵਾਰੀ ਮੈਗਜ਼ੀਨ

# ਅਦਬੀ ਵਿਰਾਸਤ

ਅੰਕ - 3




E-mail:- adbivirsat@gmail.com

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ


## ਮਾਂ

ਮਾਂ ਸ਼ਬਦ ਹੈ ਸਭ ਤੋਂ ਉੱਚਾ,
ਜਿਹੜਾ ਲੱਗਦਾ ਹੈ ਮੈਨੂੰ ਸੁੱਚਾ।
ਉਦਾਸ ਹੁੰਦੀ ਤਾਂ ਹਸਾ ਦਿੰਦੀ ਮਾਂ,
ਨੀਂਦ ਆਵੇ ਤਾਂ ਸੁਲਾ ਦਿੰਦੀ ਮਾਂ।
ਮਾਂ ਮੇਰੀ ਦਾ ਸੋਹਣਾ ਨਾਂ,
ਉਸ ਦੀ ਹਾਂ ਵਿੱਚ ਮੇਰੀ ਹਾਂ।
ਮਾਂ ਮੇਰੀ ਮੈਨੂੰ ਸਭ ਤੋਂ ਪਿਆਰੀ।
ਇਸ ਦੀ ਹਰ ਗੱਲ ਮੈਨੂੰ ਨਿਆਰੀ।
ਮਾਂ ਮੇਰੀ ਹੈ ਜੰਨਤ ਸਾਰੀ,
ਇਸ ਕਰਕੇ ਮੈਨੂੰ ਲੱਗਦੀ ਪਿਆਰੀ।
ਮਾਂ ਸ਼ਬਦ ਹੈ ਸਭ ਤੋਂ ਉੱਚਾ,
ਜਿਹੜਾ ਲੱਗਦਾ ਹੈ ਮੈਨੂੰ ਸੁੱਚਾ।



ਨੰਨ੍ਹੇ ਕਲਾਕਾਰ ਦਾ ਨਾਮ
ਜੈਸਮੀਨ ਕੌਰ , ਜਮਾਤ ਅੱਠਵੀਂ
ਸਰਕਾਰੀ ਮਿਡਲ ਸਕੂਲ ਪਵੇਂ ,
ਜ਼ਿਲ੍ਹਾ ਹੁਸ਼ਿਆਰਪੁਰ



ਪ੍ਰੇਰਕ ਅਧਿਆਪਕ
ਸਰਬਜੀਤ ਕੌਰ
ਆਂਗਣਵਾੜੀ ਵਰਕਰ ਪਿੰਡ ਤੂਰਾਂ
9915508953



ਵਾਤਾਵਰਨ ਦੀ ਸ਼ੁੱਧਤਾ ਲਈ ਅਤੇ ਜੀਵ ਜੰਤੂਆਂ ਦੀ ਜਿੰਦਗੀ ਲਈ ਰੁੱਖਾਂ ਦੀ ਮਹੱਤਤਾ ਨੂੰ ਦਰਸਾਉਂਦੀ ਤਸਵੀਰ।



ਨੰਨ੍ਹੇ ਕਲਾਕਾਰ ਦਾ ਨਾਮ
ਜੈਸਮੀਨ ਕੌਰ , ਜਮਾਤ ਅੱਠਵੀਂ
ਸਰਕਾਰੀ ਮਿਡਲ ਸਕੂਲ ਪਵੇਂ ,
ਜ਼ਿਲ੍ਹਾ ਹੁਸ਼ਿਆਰਪੁਰ



ਪ੍ਰੇਰਕ ਅਧਿਆਪਕ
ਸਰਬਜੀਤ ਕੌਰ
ਆਂਗਣਵਾੜੀ ਵਰਕਰ ਪਿੰਡ ਤੂਰਾਂ
9915508953


PARVEEN STUDIO

DASUYA 98550 52298

pre wedding shoot, marriage , parties, all events,
live , mug printing, T-shirt printing etc.




ਆਪਣੇ ਵਪਾਰ ਜਾਂ ਕਾਰੋਬਾਰ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਇੰਚਾਰਜ਼
ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ
98558 13187






ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਕਸ਼

# ਅਦਬੀ ਵਿਰਾਸਤ

ਅੰਕ - 03

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਲੜੀ ਨੰਬਰ 089 ਤੋਂ 160 ਤੱਕ । ਅੰਕ - 03 । ਸਥਾਪਨਾ ਦਸੂਹਾ । 14/06/2026 ਦਿਨ ਐਤਵਾਰ , ( ਨਾਨਕਸ਼ਾਹੀ ਸੰਮਤ 30 ਜੇਠ 558) ।




## ਪ੍ਰੋ. ਪਵਨ ਕੁਮਾਰ ਖਿੱਚੀ
## ਕਾਰਜਕਾਰੀ ਸੰਪਾਦਕ
## ਅਦਬੀ ਵਿਰਾਸਤ ਮੈਗਜ਼ੀਨ

### 'ਅਦਬੀ ਵਿਰਾਸਤ' ਦੇ ਤੀਸਰੇ ਪੜਾਅ ਦਾ ਸ਼ਬਦ-ਸਿਜਦਾ: ਕਲਮਾਂ ਦੀ ਰੌਸ਼ਨੀ ਅਤੇ ਵਿਚਾਰਾਂ ਦੀ ਪਰਵਾਜ਼

ਬਹੁਤ ਹੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ 'ਅਦਬੀ ਵਿਰਾਸਤ' ਮੈਗਜ਼ੀਨ ਦਾ ਇਹ ਤੀਸਰਾ ਅੰਕ ਪੰਜਾਬੀ ਸਾਹਿਤ ਦੇ ਅੰਬਰ 'ਤੇ ਇੱਕ ਚਮਕਦੇ ਸਿਤਾਰੇ ਵਾਂਗ ਉੱਭਰਿਆ ਹੈ। ਇਹ ਸਿਰਫ਼ ਇੱਕ ਮੈਗਜ਼ੀਨ ਨਹੀਂ, ਸਗੋਂ ਪੰਜਾਬੀ ਮਾਂ-ਬੋਲੀ ਦੀ ਸੇਵਾ ਵਿੱਚ ਜੁੜੀਆਂ ਰੂਹਾਂ ਦਾ ਇੱਕ ਅਕੀਦਤ ਭਰਿਆ ਕਾਫ਼ਲਾ ਹੈ।

ਜਦੋਂ ਸ਼ਬਦਾਂ ਦੇ ਦਰਿਆ ਰੂਹ ਦੀਆਂ ਵਾਦੀਆਂ ਵਿੱਚੋਂ ਗੁਜ਼ਰਦੇ ਹਨ, ਤਾਂ 'ਅਦਬੀ ਵਿਰਾਸਤ' ਵਰਗੇ ਸਾਹਿਤਕ ਗੁਲਦਸਤੇ ਤਿਆਰ ਹੁੰਦੇ ਹਨ। ਅੱਜ ਸਾਨੂੰ ਬੇਹੱਦ ਫ਼ਖ਼ਰ ਹੈ ਕਿ 'ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ' ਦੀ ਰਹਿਨੁਮਾਈ ਹੇਠ ਇਸ ਮੈਗਜ਼ੀਨ ਦਾ ਤੀਸਰਾ ਅੰਕ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੈ। ਇਹ ਅੰਕ ਪੰਜਾਬੀ ਸਾਹਿਤ ਦੀ ਅਮੀਰੀ ਅਤੇ ਸਾਡੇ ਲੇਖਕਾਂ ਦੀ ਡੂੰਘੀ ਸੋਚ ਦਾ ਜਿਉਂਦਾ-ਜਾਗਦਾ ਸਬੂਤ ਹੈ।

ਵਿਚਾਰਾਂ ਦਾ ਸਮੁੰਦਰ: ਇਸ ਅੰਕ ਵਿੱਚ ਸ਼ਾਮਿਲ ਹਰ ਰਚਨਾ ਆਪਣੇ ਆਪ ਵਿੱਚ ਇੱਕ ਬ੍ਰਹਿਮੰਡ ਸਮੇਟੀ ਬੈਠੀ ਹੈ।

ਸਮਾਜਿਕ ਅਤੇ ਸਿਆਸੀ ਚੇਤਨਾ: ਦਿਲਪ੍ਰੀਤ ਸਿੰਘ ਕਾਹਲੋਂ ਦੀ 'ਜੰਗ ਬੰਦੀ' ਅਤੇ ਜਗਦੀਸ਼ ਬਹਾਦਰਪੁਰੀ ਦੀ 'ਐ ਰਹਿਬਰੋ' ਮਨੁੱਖੀ ਮਾਸੂਮੀਅਤ ਅਤੇ ਸਿਆਸੀ ਪਖੰਡਾਂ 'ਤੇ ਤਿੱਖਾ ਵਾਰ ਕਰਦੀਆਂ ਹਨ। ਕੁਲਦੀਪ ਦੁਸਾਂਝ ਦੀ 'ਨਵੀਂ ਰੌਸ਼ਨੀ' ਸਮਾਜ ਨੂੰ ਨਵੇਂ ਰਾਹਾਂ ਵੱਲ ਮੋੜਨ ਦਾ ਹੋਕਾ ਦਿੰਦੀ ਹੈ।

ਕੁਦਰਤ ਅਤੇ ਵਿਰਸੇ ਨਾਲ ਮੋਹ: ਡਾ. ਪ੍ਰਿਤਪਾਲ ਸਿੰਘ ਮਹਿਰੋਕ, ਪ੍ਰੋ. ਡਾ. ਅਰਮਨਪ੍ਰੀਤ ਅਤੇ ਹਰਪ੍ਰੀਤ ਪੱਤੋ ਦੀਆਂ ਰਚਨਾਵਾਂ ਕੁਦਰਤ ਦੀ ਪੁਕਾਰ ਹਨ, ਜੋ ਸਾਨੂੰ ਹਵਾ, ਪਾਣੀ ਅਤੇ ਪੰਛੀਆਂ ਦੇ ਅਟੁੱਟ ਰਿਸ਼ਤੇ ਦੀ ਯਾਦ ਦਿਵਾਉਂਦੀਆਂ ਹਨ।

ਪੰਜਾਬੀਅਤ ਦੀ ਅਣਖ: ਮਲਕੀਤ ਜੋੜਾ ਅਤੇ ਰਜਿੰਦਰ ਪੰਨਵਾਂ ਦੇ ਸ਼ਬਦਾਂ ਵਿੱਚ ਪੰਜਾਬੀਅਤ ਦਾ ਉਹ ਜਜ਼ਬਾ ਹੈ, ਜੋ ਹਰ ਪੰਜਾਬੀ ਦੀ ਹਿੱਕ ਚੌੜੀ ਕਰ ਦਿੰਦਾ ਹੈ।

ਮਾਨਸਿਕ ਅਤੇ ਰੂਹਾਨੀ ਸਕੂਨ: ਡਾ. ਪਰਦੀਪ ਨਾਂਗਲੂ ਵਲੋਂ ਮਾਨਸਿਕ ਰੋਗਾਂ ਤੋਂ ਮੁਕਤੀ ਦਾ ਸੁਨੇਹਾ ਅਤੇ ਸੁਰਜੀਤ ਸਿੰਘ ਸੰਸਾਰਪੁਰੀ ਵਲੋਂ ਮਨ ਦੀ ਸਫ਼ਾਈ ਦਾ ਵਿਚਾਰ, ਪਾਠਕ ਨੂੰ ਅੰਦਰੂਨੀ ਸ਼ਾਂਤੀ ਵੱਲ ਲੈ ਕੇ ਜਾਂਦਾ ਹੈ।

ਭਾਵਨਾਵਾਂ ਦੇ ਰੰਗ: ਜੈਲੀ ਗੋਰਾ ਦਾ 'ਮੁਆਫ਼ੀਨਾਮਾ' ਮਾਂ ਦੀ ਮਮਤਾ ਅੱਗੇ ਇੱਕ ਅਹਿਸਾਸ ਭਰੀ ਨਤਮਸਤਕਤਾ ਹੈ। ਪਰਮਜੀਤ ਸਿੰਘ ਵਿਰਕ ਨੇ ਕਿਤਾਬਾਂ ਨਾਲ ਇਸ਼ਕ ਕਰਕੇ ਗਿਆਨ ਦੇ ਦੀਵੇ ਬਾਲੇ ਹਨ।

ਮਾਂ-ਬੋਲੀ ਦੇ ਸੱਚੇ ਸਪੂਤੋ! ਆਪ ਜੀ ਦੀ ਕਲਮ ਦੀ ਸਿਆਹੀ ਵਿੱਚੋਂ ਨਿਕਲਿਆ ਹਰ ਅੱਖਰ ਇੱਕ ਮੋਤੀ ਹੈ। ਆਪ ਜੀ ਦੀ ਸਿਰਜਣਾਤਮਕਤਾ ਨੇ 'ਅਦਬੀ ਵਿਰਾਸਤ' ਨੂੰ ਉਹ ਮਾਣ ਬਖ਼ਸ਼ਿਆ ਹੈ, ਜੋ ਸਦੀਆਂ ਤੱਕ ਸਾਹਿਤਕ ਹਲਕਿਆਂ ਵਿੱਚ ਗੂੰਜਦਾ ਰਹੇਗਾ। ਆਪ ਜੀ ਸਮਾਜ ਦੇ ਉਹ 'ਚਾਨਣ-ਮੁਨਾਰੇ' ਹੋ ਜੋ ਆਪਣੇ ਵਿਚਾਰਾਂ ਦੀ ਰੌਸ਼ਨੀ ਨਾਲ ਹਨ੍ਹੇਰੇ ਰਾਹਾਂ ਨੂੰ ਰੁਸ਼ਨਾ ਰਹੇ ਹੋ।

ਅਮਰਜੀਤ ਦਸੂਹਾ (ਪ੍ਰਬੰਧਕੀ ਸੰਪਾਦਕ) ਅਤੇ ਭੁਪਿੰਦਰ ਸਿੰਘ ਰਾਜਾ (ਮੁੱਖ ਸੰਪਾਦਕ) ਦੀ ਯੋਗ ਅਗਵਾਈ ਸਦਕਾ ਇਹ ਮੈਗਜ਼ੀਨ ਪੰਜਾਬੀ ਮਾਂ-ਬੋਲੀ ਦੀ ਸੇਵਾ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਰਿਹਾ ਹੈ।

ਵਾਹਿਗੁਰੂ ਜੀ ਅੱਗੇ ਅਰਦਾਸ ਹੈ ਕਿ ਆਪ ਜੀ ਦੇ ਸ਼ਬਦਾਂ ਦੀ ਇਹ ਬਰਸਾਤ ਕਦੇ ਨਾ ਥੰਮੇ। ਆਪ ਜੀ ਦੀ ਸੋਚ ਵਿੱਚ ਸਦਾ ਤਾਜ਼ਗੀ ਰਹੇ ਅਤੇ ਆਪ ਜੀ ਦੀ ਕਲਮ ਹਮੇਸ਼ਾ ਹੱਕ, ਸੱਚ ਅਤੇ ਇਨਸਾਨੀਅਤ ਦਾ ਝੰਡਾ ਬੁਲੰਦ ਰੱਖੇ। 'ਅਦਬੀ ਵਿਰਾਸਤ' ਦਾ ਇਹ ਸਫ਼ਰ ਅਰਸ਼ਾਂ ਦੀਆਂ ਬੁਲੰਦੀਆਂ ਨੂੰ ਛੂਹੇ, ਇਹੀ ਸਾਡੀ ਦਿਲੀ ਅਰਦਾਸ ਹੈ।

ਸਮੂਹ ਲੇਖਕਾਂ ਅਤੇ ਪਾਠਕਾਂ ਦਾ ਤਹਿ ਦਿਲੋਂ ਧੰਨਵਾਦ!